# ਸਲਾਨਾ ਪ੍ਰਸ਼ਾਸਕੀ ਰਿਪੋਰਟ 2015-16

# ਅਰਥ ਅਤੇ ਅੰਕੜਾ ਸੰਗਠਨ,ਪੰਜਾਬ

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ ਅਤੇ ਰਾਜ ਅਤੇ ਕੇਂਦਰੀ ਸਰਕਾਰ, ਨੀਤੀਕਾਰਾਂ, ਖੋਜ ਸੰਸਥਾਵਾਂ ਅਤੇ ਖੋਜ ਤੇ ਵਿਕਾਸ ਵਿੱਚ ਲੱਗੇ ਮਾਹਿਰਾਂ ਤੇ ਵਿਦਵਾਨਾਂ ਦੀ ਅੰਕੜਾਤਮਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ।ਇਹ ਸੰਗਠਨ ਰਾਜ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ ਤੱਕ ਪ੍ਰਾਇਮਰੀ ਅਤੇ ਸੈਕੰਡਰੀ ਡੈਟਾ ਇਕੱਤਰ ਕਰਦਾ ਹੈ।ਇਸ ਤਰ੍ਹਾਂ ਇਕੱਠੇ ਕੀਤੇ ਡੈਟੇ ਨੂੰ ਸੰਗ੍ਰਹਿ, ਸੰਕਲਨ, ਅਤੇ ਵਿਸ਼ਲੇਸ਼ਨ ਕਰਨ ਤੋਂ ਬਾਅਦ ਵੱਖ ਵੱਖ ਪ੍ਰਕਾਸ਼ਨਾਂ ਦੇ ਰੂਪ ਵਿੱਚ ਛਪਵਾਇਆ ਜਾਂਦਾ ਹੈ।ਇਹ ਸੰਗਠਨ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਲਈ ਨੋਡਲ ਏਜੰਸੀ ਦਾ ਕੰਮ ਕਰਦਾ ਹੈ।ਇਸ ਲਈ ਇਹ ਅੰਕੜਾਤਮਿਕ ਗਤੀਵਿਧੀਆਂ ਦਾ ਤਾਲਮੇਲ ਰੱਖਦਾ ਹੈ ਅਤੇ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਨਾਲ ਯੋਗ ਸੰਪਰਕ ਰੱਖਦਾ ਹੈ।

'ਰਾਜ ਅੰਕੜਾ ਸਾਰ' ਅਤੇ 'ਆਰਥਿਕ ਸਰਵੇਖਣ ਪੰਜਾਬ' ਇਸ ਸੰਗਠਨ ਦੇ ਦੋ ਮਹੱਤਵਪੂਰਨ ਪ੍ਰਕਾਸ਼ਨ ਹਨ, ਜਿਨ੍ਹਾਂ ਵਿੱਚ ਰਾਜ ਦੇ ਵੱਖ ਵੱਖ ਸਮਾਜਿਕ ਆਰਥਿਕ ਵਿਸ਼ਿਆਂ ਤੇ ਬਹੁਪੱਖੀ ਸੂਚਨਾਂ ਸ਼ਾਮਲ ਕੀਤੀ ਜਾਂਦੀ ਹੈ।ਇਹ ਦੋਵੇਂ ਪ੍ਰਕਾਸ਼ਨ ਬੱਜਟ ਦਸਤਾਵੇਜ਼ ਹਨ ਜੋ ਕਿ ਸਲਾਨਾ ਤਿਆਰ ਕੀਤੇ ਜਾਂਦੇ ਹਨ ਅਤੇ ਵਿਧਾਨ ਸਭਾ ਦੇ ਬਜੱਟ ਸੈਸ਼ਨ ਵਿਚ ਪੇਸ਼ ਕੀਤੇ ਜਾਂਦੇ ਹਨ।

ਆਰਥਿਕ ਸਲਾਹਕਾਰ, ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਮੁਖੀ ਹਨ।ਜਿਨ੍ਹਾਂ ਦੀ ਸਹਾਇਤਾ ਡਾਇਰੈਕਟਰਾਂ, ਮੀਤ ਡਾਇਰੈਕਟਰਾਂ, ਉਪ ਅਰਥ ਅਤੇ ਅੰਕੜਾ ਸਲਾਹਕਾਰਾਂ,ਖੋਜ ਅਫਸਰਾਂ, ਸਹਾਇਕ ਖੋਜ ਅਫਸਰਾਂ ਵਲੋਂ ਕੀਤੀ ਜਾਂਦੀ ਹੈ। ਵਿਭਾਗ ਦੀ ਸੰਗਠਨਾਤਮਿਕ ਬਣਤਰ ਦਾ ਚਾਰਟ ਅਨੈਕਸਚਰ I ਤੇ ਹੈ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਰਾਜ ਪੱਧਰ ਤੇ 11 ਰੈਗੂਲਰ ਸੈਕਸ਼ਨ ਹਨ, ਇਸ ਤੋਂ ਇਲਾਵਾ 4 ਹੋਰ ਸੈਕਸ਼ਨ, ਮੈਂਬਰ ਆਫ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ, 20 ਨੁਕਾਤੀ ਪ੍ਰੋਗਰਾਮ, ਆਰਥਿਕ ਗਣਨਾ ਅਤੇ ਆਈ.ਐਸ.ਐਸ.ਪੀ. ਮੁੱਖ ਦਫਤਰ ਵਿਖੇ ਕੰਮ ਕਰਦੇ ਸਨ।ਇਕ ਸੈਕਸ਼ਨ ਅਮਲਾ ਸ਼ਾਖਾ ਅਤੇ ਬਾਕੀ ਸੈਕਸ਼ਨ ਅੰਕੜਿਆਂ ਅਤੇ ਖੋਜ ਅਧਾਰਿਤ ਟੈਕਨੀਕਲ ਕੰਮ ਕਰਦੇ ਹਨ।ਅਮਲਾ ਸ਼ਾਖਾ ਸੁਪਰਡੰਟਾਂ, ਸੀਨੀਅਰ ਸਹਾਇਕਾਂ, ਕਲਰਕਾਂ ਅਤੇ ਟਾਈਪਿਸਟਾਂ ਰਾਹੀਂ ਮਨੁੱਖੀ ਸਰੋਤ ਦਾ ਪ੍ਰਬੰਧਕੀ ਕੰਮ ਕਰਦੀ ਹੈ।ਡਾਇਰੈਕਟਰ, ਮੀਤ ਡਾਇਰੈਕਟਰ ਅਤੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵੱਖ-ਵੱਖ ਆਰਥਿਕ ਅਤੇ ਅੰਕੜਾਤਮਿਕ ਵਿਸ਼ਿਆਂ ਤੇ ਦਿਨ ਪ੍ਰਤੀਦਿਨ ਜ਼ਰੂਰੀ ਅਗਵਾਈ ਦਿੰਦੇ ਹਨ।ਖੋਜ ਅਫਸਰ ਅਤੇ ਸਹਾਇਕ ਖੋਜ ਅਫਸਰ ਮੁੱਖ ਤੌਰ ਤੇ ਡੈਟੇ ਦੇ ਵਿਸ਼ਲੇਸ਼ਣ ਅਤੇ ਸੰਕਲਨ ਲਈ ਜ਼ਿੰਮੇਂਵਾਰ ਹਨ ਜਦੋਂ ਕਿ ਡੈਟਾ ਇਕੱਤਰ, ਸੰਗ੍ਰਹਿ ਕਰਨ ਦਾ ਕੰਮ ਅੰਕੜਾ ਸਹਾਇਕਾਂ ਅਤੇ ਇਨਵੈਸਟੀਗੇਟਰਾਂ ਰਾਹੀਂ ਕੀਤਾ ਜਾਂਦਾ ਹੈ।

ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਅੰਕੜਾ ਦਫ਼ਤਰ ਹੈ ਜਿਸ ਵਿੱਚ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੀ ਇੱਕ ਮੰਨਜ਼ੂਰਸ਼ੁਦਾ ਅਸਾਮੀ ਹੈ।ਜ਼ਿਲ੍ਹਾ ਅੰਕੜਾ ਅਫਸਰ ਅੰਕੜੇ ਇਕੱਤਰ ਕਰਨ ਅਤੇ ਵਿਕਾਸ ਸਕੀਮਾਂ ਲਾਗੂ ਕਰਨ ਲਈ ਦੋਹਰਾ ਕੰਮ ਕਰਦੇ ਹਨ।ਜ਼ਿਲ੍ਹਾ ਅੰਕੜਾ ਦਫਤਰ ਜਿਲ੍ਹਾ ਯੋਜਨਾਵਾਂ ਬਣਾਉਣ ਅਤੇ ਦੇਖਰੇਖ ਕਰਨ ਵਿੱਚ ਪੂਰੀ ਤਰ੍ਹਾਂ ਸ਼ਾਮਲ ਹਨ। ਜ਼ਿਲ੍ਹਾ ਅੰਕੜਾ ਦਫ਼ਤਰ ਵਿਭਾਗ ਵੱਲੋਂ ਲਾਗੂ ਇਕ ਉੱਚ ਪੱਧਰ ਦੀ ਐਮ.ਪੀ ਲੈਡ ਸਕੀਮ ਅਧੀਨ ਫੰਡ ਸੈਂਕਸ਼ਨ/ਜਾਰੀ ਕਰਵਾਉਣ ਵਿਚ ਵੀ ਅਹਿਮ ਰੋਲ ਅਦਾ ਕਰਦੇ ਹਨ।ਇਸ ਸਕੀਮ ਅਧੀਨ ਰਾਜ ਦੇ ਹਰ ਇੱਕ ਐਮ.ਪੀ.ਨੂੰ ਸਲਾਨਾ ਪੰਜ ਕਰੋੜ ਰੁਪੈ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਜਾਂਦੇ ਹਨ।20 ਨੁਕਾਤੀ ਪ੍ਰੋਗਰਾਮ ਦਾ ਰੀਵਿਊ ਵੀ ਇਸ ਵਿਭਾਗ ਵਲੋਂ ਕੀਤਾ ਜਾਂਦਾ ਹੈ।ਅਜਿਹੀਆਂ ਸਕੀਮਾਂ ਤੇ ਕੰਮ ਮੌਜੂਦਾ ਮੰਜੂਰ ਵਿਭਾਗੀ ਸਟਾਫ ਵਲੋਂ ਹੀ ਕੀਤਾ ਜਾਂਦਾ ਹੈ ਅਤੇ ਇਸ ਲਈ ਕੋਈ ਵਾਧੂ ਸਟਾਫ ਉਪਲਬਧ ਨਹੀਂ ਹੈ।ਜਿਸ ਕਾਰਨ ਵਿਭਾਗ ਦਾ ਅੰਕੜਾਤਮਕ ਕੰਮ ਗੰਭੀਰ ਰੂਪ ਵਿਚ ਪ੍ਰਭਾਵਿਤ ਹੈ।ਸਾਲ ਦੌਰਾਨ ਤਿਆਰ ਕੀਤੀਆਂ ਜਾਂਦੀਆਂ ਰਿਪੋਰਟਾਂ ਅਨੈਕਸਚਰ-II ਅਤੇ ਅਸਾਮੀਵਾਈਜ ਮਨਜ਼ੂਰ ਸ਼ੁਦਾ ਅਤੇ ਭਰੀਆਂ ਆਸਾਮੀਆਂ ਦਾ ਵੇਰਵਾ ਅਨੈਕਸਚਰ- III ਅਤੇ IV ਤੇ ਹੈ।

ਵਿਭਾਗ ਦੇ ਸਾਰੇ ਸੈਕਸ਼ਨਾਂ/ਯੂਨਿਟਾਂ ਦੀਆਂ ਗਤੀਵਿਧੀਆਂ ਅਤੇ ਸਾਲ 2015-16 ਦੌਰਾਨ ਮੁਕੰਮਲ ਕੀਤੇ ਕੰਮਾਂ ਦਾ ਵੇਰਵਾ ਹੇਠ ਅਨੁਸਾਰ ਹੈ:-

## 1. ਰਾਜ ਆਮਦਨ

ਇਹ ਸੈਕਸ਼ਨ ਪ੍ਰਚਲਿਤ ਅਤੇ ਸਥਿਰ ਕੀਮਤਾਂ ਤੇ ਰਾਜ ਦੀ ਆਰਥਿਕਤਾ ਦੇ ਸਾਰੇ 15 ਸੈਕਟਰਾਂ ਲਈ ਰਾਜ ਘਰੇਲੂ ਉਤਪਾਦਨ ਦੇ ਅਨੁਮਾਨ ਦੇ ਨਾਲ ਨਾਲ ਜੀਅ ਪ੍ਰਤੀ ਆਮਦਨ ਦੇ ਅਨੁਮਾਨ ਵੀ ਲਗਾਤਾਰ ਤਿਆਰ ਕਰਦਾ ਹੈ।ਜ਼ਿਲ੍ਹਾਵਾਰ ਰਾਜ ਘਰੇਲੂ ਉਤਪਾਦਨ ਦੀਆਂ ਪ੍ਰਚੱਲਿਤ ਕੀਮਤਾਂ ਅਤੇ ਸਥਿਰ ਕੀਮਤਾਂ ਦੇ ਅਨੁਮਾਨ ਹਰ ਸਾਲ ਤਿਆਰ ਕੀਤੇ ਜਾਂਦੇ ਹਨ।ਰਾਜ ਘਰੇਲੂ ਉਤਪਾਦਨ ਦੇ ਖੇਤੀਬਾੜੀ, ਪਸ਼ੂਧੰਨ, ਜੰਗਲਾਤ ਅਤੇ ਮੱਛੀ ਪਾਲਣ ਖੇਤਰ ਲਈ ਉਤਪਾਦਨ ਟੀਚਿਆਂ ਅਤੇ ਬਾਕੀ ਦੇ ਹੋਰ ਸੈਕਟਰਾਂ ਦੀ ਪਿਛਲੀ ਪ੍ਰਵਿਰਤੀ ਦੇ ਆਧਾਰ ਤੇ ਤੁਰੰਤ ਅਨੁਮਾਨ ਇਕ ਸਾਲ ਦੇ ਵਕਫੇ ਨਾਲ ਤਿਆਰ ਕੀਤੇ ਜਾਂਦੇ ਹਨ।ਸੈਕਟਰਵਾਰ ਰਾਜ ਘਰੇਲੂ ਉਤਪਾਦਨ ਦੇ ਵੱਖ-ਵੱਖ ਸਮੇਂ ਦੇ ਵਿਕਾਸ ਦਰ ਰਾਜ ਦੀ ਆਰਥਿਕਤਾ ਦੇ ਅਧਿਐਨ ਕਰਨ ਲਈ ਤਿਆਰ ਕੀਤੇ ਜਾਂਦੇ ਹਨ।ਇਸ ਦੇ ਨਾਲ ਹੀ ਰਾਜ ਸਰਕਾਰ ਦੀ ਵਰਤੋਂ ਲਈ ਰਾਜ ਦੀ ਆਰਥਿਕ ਸਥਿਤੀ ਦੇ ਨੋਟ ਅਤੇ ਦੂਜੇ ਰਾਜਾਂ ਦੀ ਰਾਜ ਘਰੇਲੂ ਉਤਪਾਦਨ ਦੇ ਸਨਮੁੱਖ ਰਾਜ ਦੀ ਦੂਜੇ ਰਾਜਾਂ ਨਾਲ ਤੁਲਨਾਤਮਿਕ ਅਧਿਐਨ ਵੀ ਤਿਆਰ ਕੀਤਾ ਜਾਂਦਾ ਹੈ।ਇਸ ਤੋਂ ਇਲਾਵਾ ਇਸ ਸ਼ਾਖਾ ਵਲੋਂ 13ਵੇਂ ਵਿੱਤ ਕਮਿਸ਼ਨ ਅਧੀਨ ਮਾਈਲਸਟੋਨ ਕੂਲੈਕਸ਼ਨ ਆਫ ਫਾਰਮ ਐਕਟੀਵਿਟੀਜ ਡੈਟਾ ਸਬੰਧੀ ਵੀ ਕੰਮ ਕੀਤਾ ਜਾ ਰਿਹਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ :-

1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਕੁੱਲ ਅਤੇ ਨਿਰੋਲ ਰਾਜ ਆਮਦਨ ਅਨੁਮਾਨ ਨਵੇਂ ਅਧਾਰ ਸਾਲ 2011-12 ਤੇ ਸਥਿਰ ਅਤੇ ਚਾਲੂ ਕੀਮਤਾਂ ਤੇ ਸਾਲ 2011-12 ਤੋਂ ਸਾਲ 2013-14 ਤੱਕ ਦੇ ਤਿਆਰ ਕੀਤੇ ਗਏ।ਸਾਲ 2014-15 ਅਤੇ 2015-16 ਲਈ ਕੁੱਲ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੇ ਤੁਰੰਤ ਅਤੇ ਐਡਵਾਂਸ ਅਨੁਮਾਨ ਤਿਆਰ ਕੀਤੇ ਗਏ।
2. i) 13ਵੇਂ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ ਨਿਰਧਾਰਤ ਛੋਟੀਆਂ ਫਸਲਾਂ ਦੀ ਰਿਪੋਰਟ ਤਿਆਰ ਕੀਤੀ ਗਈ।

   ii) 13ਵੇਂ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ ਮੁੱਖ ਫਸਲਾਂ ਦੀ ਕਾਸਟ ਕਲਟੀਵੇਸ਼ਨ ਸਟੱਡੀ ਲਈ ਕੰਮ ਪ੍ਰਗਤੀ ਅਧੀਨ ਰਿਹਾ।
3. ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਲਈ ਵਿੱਤ ਮੰਤਰੀ ਅਤੇ ਰਾਜਪਾਲ ਜੀ ਦੇ ਬੱਜਟ ਭਾਸ਼ਨ ਸਬੰਧੀ ਆਰਥਿਕਤਾ ਦੀ ਸਥਿਤੀ ਅਤੇ ਵਾਧੇ ਦੀ ਦਰ ਬਾਰੇ ਸੂਚਨਾਂ ਤਿਆਰ ਕੀਤੀ ਗਈ।
4. ਸਾਲ 2013-14 ਅਤੇ 2014-15 ਸਬੰਧੀ ਪਸ਼ੂਧੰਨ ਸਬੰਧੀ ਸੂਚਨਾ, ਮੱਛੀ ਪਾਲਣ ਅਤੇ ਜੰਗਲਾਤ ਖੇਤਰ ਦੇ ਉਤਪਾਦਨ ਅਤੇ ਕੀਮਤਾਂ, ਖੇਤੀਬਾੜੀ ਅਤੇ ਬਾਗਬਾਨੀ ਖੇਤਰ ਸਬੰਧੀ ਉਤਪਾਦਨ, ਕੀਮਤਾਂ ਅਤੇ ਰਕਬਾ ਸਬੰਧੀ ਸੂਚਨਾ, ਪੰਜਾਬ ਵਿਚ ਟਰੈਕਟਰਾਂ ਅਤੇ ਡੀਜ਼ਲ ਇੰਜਣਾਂ ਦੀ ਗਿਣਤੀ ਸਬੰਧੀ ਸੂਚਨਾ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ।
5. ਸਬੰਧਤ ਸੈਕਟਰਵਾਰ ਰਾਜ ਆਮਦਨ ਅਨੁਮਾਨ, ਵਾਧਾ ਦਰ ਅਤੇ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਸਬੰਧੀ ਸੂਚਨਾ ਪੰਜਾਬ ਰਾਜ ਅੰਕੜਾ ਸਾਰ-2015, ਆਰਥਿਕ ਸਰਵੇਖਣ 2015-16 ਅਤੇ ਸਾਲਾਨਾ ਯੋਜਨਾ 2016-17 ਲਈ ਤਿਆਰ ਕੀਤੀ।
6. ਹੇਠ ਲਿਖੇ ਅਨੁਸਾਰ ਤਿੰਨ ਵਰਕਸ਼ਾਪਾਂ ਵਿਚ ਭਾਗ ਲਿਆ ਗਿਆ:-
   i) ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਵਲੋਂ ਆਯੋਜਿਤ ਰਾਜ ਆਮਦਨ ਅਨੁਮਾਨ ਦਾ ਅਧਾਰ ਸਾਲ 2011-12 ਕਰਨ ਸਬੰਧੀ ਗੋਆ ਵਿਖੇ ਮਿਤੀ 07-07-2015 ਤੋਂ 09-07-2015 ਤੱਕ ਭਾਗ ਲਿਆ ਗਿਆ।
   ii) ਕੇਂਦਰੀ ਅੰਕੜਾ ਸੰਗਠਨ ਵਲੋਂ ਆਯੋਜਿਤ ਨਵੀਂ ਦਿੱਲੀ ਵਿਖੇ ਰਾਜ ਆਮਦਨ ਅਨੁਮਾਨ ਦਾ (ਨਵੇਂ ਅਧਾਰ ਸਾਲ 2011-12 ਤੇ) ਚੈਪਟਰਵਾਰ ਮਿਲਾਨ ਕਰਨ ਸਬੰਧੀ ਮਿਤੀ 10-8-2015 ਤੋਂ 14-8-2015 ਤੱਕ ਭਾਗ ਲਿਆ ਗਿਆ।
   iii) ਸੀ.ਐਸ.ਓ, ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਆਯੋਜਿਤ 13ਵੇਂ ਵਿੱਤ ਕਮਿਸ਼ਨ ਅਤੇ ਜੀ.ਐਸ.ਡੀ.ਪੀ ਨਾਲ ਸਬੰਧਤ ਮਨਾਲੀ ਵਿਖੇ ਮਿਤੀ 06-10-2015 ਤੋਂ 09-10-2015 ਤੱਕ ਭਾਗ ਲਿਆ ਗਿਆ।
7. ਵਿੱਤ ਵਿਭਾਗ, ਪੰਜਾਬ ਨੂੰ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਰਾਜ ਆਮਦਨ ਅਨੁਮਾਨ ਦਾ ਡੈਟਾ ਭੇਜਿਆ ਗਿਆ।

## 2. ਪੂੰਜੀ ਨਿਰਮਾਣ

ਇਹ ਸ਼ਾਖਾ ਪੰਜਾਬ ਦੀ ਆਰਥਿਕਤਾ ਦੇ ਸਾਰੇ 13 ਸੈਕਟਰਾਂ ਲਈ ਚਾਲੂ ਅਤੇ ਸਥਿਰ 2004-05 ਕੀਮਤਾਂ ਤੇ ਪੂੰਜੀ ਨਿਰਮਾਣ ਦੇ ਅਨੁਮਾਨ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਲਈ ਤਿਆਰ ਕਰਦੀ ਹੈ। ਇਹ ਅਨੁਮਾਨ ਰਾਜ ਪੱਧਰ ਤੇ ਸੈਕਟਰਵਾਰ, ਖੇਤਰਵਾਰ ਅਤੇ ਸੰਸਥਾਵਾਰ ਸੰਕਲਿਤ ਕੀਤੇ ਜਾਂਦੇ ਹਨ।

ਸਾਲ 2015-16 ਦੌਰਾਨ ਕੀਤਾ ਕੰਮ :-

1. ਰਾਜ ਦੇ ਕੁੱਲ ਘਰੇਲੂ ਪੂੰਜੀ ਨਿਰਮਾਣ ਅਨੁਮਾਨ ਚਾਲੂ ਅਤੇ ਸਥਿਰ ਕੀਮਤਾਂ (ਅਧਾਰ ਸਾਲ 2004-05) ਸਾਲ 2004-05 ਤੋਂ 2013-14 ਤੱਕ ਤਿਆਰ ਕੀਤੇ ਗਏ।
2. ਕੁੱਲ ਰਾਜ ਘਰੇਲੂ ਪੂੰਜੀ ਨਿਰਮਾਣ ਨਾਲ ਸਬੰਧਤ 4 ਟੇਬਲ ਰਾਜ ਅੰਕੜਾ ਸਾਰ ਸਾਲ 2015 ਲਈ ਤਿਆਰ ਕੀਤੇ ਗਏ।
3. ਸਾਲ 2012-13 ਦੇ ਕ੍ਰਿਟੀਕਲ ਇੰਡੀਕੇਟਰ ਤਿਆਰ ਕੀਤੇ ਗਏ।

## 3. ਲੋਕ ਵਿੱਤ

ਇਹ ਸੈਕਸ਼ਨ ਰਾਜ ਸਰਕਾਰ ਦੇ ਬੱਜਟ ਅਤੇ ਮਿਉਂਸਪਲ ਨਿਗਮਾਂ/ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਬੱਜਟਾਂ ਦਾ ਆਰਥਿਕ ਵਿਸ਼ਲੇਸ਼ਣ ਕਰਦਾ ਹੈ। ਲੋਕ ਵਿੱਤ ਸਬੰਧੀ ਆਰਥਿਕ ਡੈਟਾ ਇਸ ਸੈਕਸ਼ਨ ਵਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਵੱਖ ਵੱਖ ਮੰਤਵਾਂ ਲਈ ਸਪਲਾਈ ਕੀਤਾ ਜਾਂਦਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ :-

1. "ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ" ਜੋ ਕਿ ਰਾਜਾਂ ਦੇ ਆਮਦਨ ਅਤੇ ਖਰਚ ਦੀ ਤੁਲਨਾਤਮਿਕ ਸਟੱਡੀ ਤੇ ਅਧਾਰਿਤ ਹੈ, ਸਾਲ 2013-14 ਦੀ ਤਿਆਰ ਕੀਤੀ ਅਤੇ ਪ੍ਰਵਾਨ ਕਰਵਾਈ ਗਈ।
2. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ ਸਾਲ 2014-15 ਕੀਤੀ।
3. ਪੰਜਾਬ ਅਤੇ ਭਾਰਤ ਲਈ ਸਾਲ 2007-08 ਤੋਂ 2013-14 ਦੇ ਇਕਨਾਮਿਕ ਇੰਡੀਕੇਟਰਜ਼ ਤਿਆਰ ਕੀਤੇ ਗਏ।
4. ਰਾਜ ਆਮਦਨ ਅਤੇ ਪੂੰਜੀ ਨਿਰਮਾਣ ਸ਼ਾਖਾ ਲਈ ਬੱਜਟ ਸਬੰਧੀ ਸੂਚਨਾਂ ਤਿਆਰ ਕੀਤੀ ਗਈ।
5. ਪੰਜਾਬ ਦੇ ਆਰਥਿਕ ਸਰਵੇਖਣ 2015-16 ਵਿਚ ਲੋਕ ਵਿੱਤ ਦਾ ਚੈਪਟਰ "ਬੈਂਕ ਵਿੱਤ ਅਤੇ ਯੋਜਨਾ" ਅਤੇ ਰਾਜ ਅੰਕੜਾ ਸਾਰ ਪੰਜਾਬ 2015 ਵਿਚ ਟੇਬਲ ਸ਼ਾਮਿਲ ਕਰਨ ਲਈ ਸੂਚਨਾ ਤਿਆਰ ਕਰਕੇ ਭੇਜੀ ਗਈ।

## 4. ਉਦਯੋਗਿਕ ਅੰਕੜੇ

ਉਦਯੋਗਿਕ ਅੰਕੜੇ ਇਕੱਤਰ ਅਤੇ ਸੰਗ੍ਰਹਿ ਕਰਨ ਲਈ ਅਰਥ ਅਤੇ ਅੰਕੜਾ ਸੰਗਠਨ ਪੰਜਾਬ ਵਿਚ ਸਾਲ 1967-68 ਦੌਰਾਨ ਉਦਯੋਗ ਸ਼ਾਖਾ ਦੀ ਸਥਾਪਨਾ ਕੀਤੀ ਗਈ। ਇਸ ਸਮੇਂ ਸ਼ਾਖਾ ਵਲੋਂ ਤਿਮਾਹੀਵਾਰ/ਸਾਲਾਨਾ ਚੁਣੀਆਂ ਗਈਆਂ ਮਹੱਤਵਪੂਰਨ ਮੱਦਾਂ ਨੂੰ ਸੰਕਲਿਤ ਕੀਤਾ ਜਾ ਰਿਹਾ ਹੈ। ਉਦਯੋਗਿਕ ਉਤਪਾਦਨ ਸੂਚਕ ਅੰਕ ਦਾ ਅਧਾਰ ਸਾਲ 2004-05=100 ਤੋਂ ਬਦਲ ਕੇ 2011-12=100 ਵੀ ਕੀਤਾ ਜਾ ਰਿਹਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ :-

1. ਚੋਣਵੀਆਂ 115 ਆਈਟਮਾਂ ਲਈ ਅਧਾਰ ਸਾਲ 2004-05=100 ਤੇ ਸਾਲ 2014-15 ਲਈ ਤਿਮਾਹੀ/ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ (IIP) ਤਿਆਰ ਕੀਤਾ ਗਿਆ।
2. ਚੈਪਟਰ ਉਦਯੋਗ ਸਾਰਣੀਆਂ ਸਮੇਤ ਅੰਗ੍ਰੇਜੀ ਅਤੇ ਪੰਜਾਬੀ ਵਿਚ ਆਰਥਿਕ ਸਰਵੇਖਣ ਸਾਲ 2015-16 ਵਿਚ ਸ਼ਾਮਿਲ ਕਰਨ ਲਈ ਤਿਆਰ ਕੀਤਾ ਗਿਆ।
3. ਕੇਂਦਰੀ ਅੰਕੜਾ ਸੰਗਠਨ, ਕਲਕੱਤਾ (ਭਾਰਤ ਸਰਕਾਰ) **ਤੋਂ** ਪ੍ਰਾਪਤ ਏ.ਐਸ.ਆਈ. ਸਮੱਰੀ ਰਿਜਲਟ ਸਾਲ 2013-14 ਦੇ ਅਧਾਰ ਤੇ ਰਾਜ ਅੰਕੜਾ ਸਾਰ ਵਿਚ ਸ਼ਾਮਲ ਕਰਨ ਲਈ ਸਾਰਣੀਆਂ ਤਿਆਰ ਕੀਤੀਆਂ ਗਈਆਂ। ਕ੍ਰਿਟੀਕਲ ਇੰਡੀਕੇਟਰ 2013-14 ਵੀ ਤਿਆਰ ਕੀਤੇ ਗਏ।

4. ਅਧਾਰ ਸਾਲ 2004-05 ਤੋਂ 2011-12 ਬਦਲਣ ਲਈ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਕਲਕੱਤਾ ਵਲੋਂ ਮਿਤੀ 22-7-15 ਤੋਂ 23-7-15 ਦੋ ਦਿਨਾਂ ਲਈ ਆਯੋਜਿਤ ਵਰਕਸ਼ਾਪ ਵਿਚ ਭਾਗ ਲਿਆ ਗਿਆ।

## 5. ਸੰਗ੍ਰਹਿ

ਸੰਗ੍ਰਹਿ ਸੈਕਸ਼ਨ ਵਿਭਾਗ ਵਿਚ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ। ਰਾਜ ਵਿਚ ਵਿਕਾਸ ਸਬੰਧੀ ਸਕੀਮਾਂ ਨੂੰ ਲਾਗੂ ਕਰਨ ਦਾ ਕੰਮ ਕਰਨ ਹਿੱਤ ਮਹੱਤਵਪੂਰਨ ਫੈਸਲੇ ਲੈਣ ਅਤੇ ਰਾਜ ਵਿਚ ਖੋਜ਼ ਦਾ ਕੰਮ ਕਰਨ ਲਈ ਬਹੁਪੱਖੀ ਡੈਟਾ ਪ੍ਰਸ਼ਾਸਕਾਂ, ਯੋਜਨਾਕਾਰਾਂ ਅਤੇ ਖੋਜਕਾਰਾਂ ਲਈ ਉਪਲਬੱਧ ਕੀਤਾ ਜਾਂਦਾ ਹੈ। ਇਸ ਸ਼ਾਖਾ ਵਲੋਂ ਰਾਜ ਅੰਕੜਾ ਸਾਰ, ਸਲਾਨਾ ਪ੍ਰਸ਼ਾਸਕੀ ਰਿਪੋਰਟ ਅਤੇ ਪੰਜਾਬ ਐਟ-ਏ-ਗਲਾਂਸ ਮਹੱਤਵਪੂਰਨ ਦਸਤਾਵੇਜ ਤਿਆਰ ਕੀਤੇ ਜਾਂਦੇ ਹਨ ਅਤੇ ਅੰਕੜਾਤਮਿਕ ਗਤੀਵਿਧੀਆਂ ਲਈ ਕੇਂਦਰੀ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਦਰਮਿਆਨ ਤਾਲਮੇਲ ਵੀ ਕੀਤਾ ਜਾਂਦਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ :-

1. ਪੰਜਾਬ ਦਾ ਅੰਕੜਾ ਸਾਰ ਸਾਲ 2015 (ਬੱਜਟ ਡਾਕੂਮੈਂਟ) ਤਿਆਰ ਕੀਤਾ ਗਿਆ।
2. ਪੰਜਾਬ ਦੇ ਬੱਜਟ ਸੈਸ਼ਨ 2015 ਲਈ ਮਾਨਯੋਗ ਵਿੱਤ ਮੰਤਰੀ ਜੀ ਦੇ ਭਾਸ਼ਣ ਲਈ ਸਮੱਗਰੀ ਤਿਆਰ ਕੀਤੀ ਗਈ।
3. ਸਾਲ ਦੌਰਾਨ ਵਿਭਾਗ ਦੀਆਂ ਪ੍ਰਾਪਤੀਆਂ ਦੀ ਸੂਚਨਾਂ ਮਾਨਯੋਗ ਮੁੱਖ ਮੰਤਰੀ ਜੀ ਦੇ ਦਫਤਰ ਭੇਜੀ ਗਈ।
4. ਸਾਲ 2013-14 ਦੀ ਸਲਾਨਾ ਪ੍ਰਸ਼ਾਸਕੀ ਰਿਪੋਰਟ ਕੌਂਸਲ ਆਫ ਮਨਿਸਟਰਜ਼ (ਸੀ.ਐਮ.ਐਮ.) ਤੋਂ ਪ੍ਰਵਾਨ ਕਰਵਾਈ ਗਈ ਅਤੇ ਸਾਲ 2014-15 ਦੀ ਸਲਾਨਾ ਪ੍ਰਸ਼ਾਸਕੀ ਰਿਪੋਰਟ ਪ੍ਰਵਾਨਗੀ ਅਧੀਨ ਹੈ।
5. ਤਿਮਾਹੀਵਾਰ ਅੰਕੜਾ ਨਿਊਜ਼ ਲੈਟਰ 3/2015, 6/2015, 9/2015 ਅਤੇ 12/2015 ਨੂੰ ਖਤਮ ਹੋਈਆਂ ਤਿਮਾਹੀਆਂ ਬਾਬਤ ਅਤੇ ਨੈਸ਼ਨਲ ਐਡਵਾਈਜ਼ਰੀ ਬੋਰਡ ਆਫ ਸਟੈਟਿਸਟੀਕਸ ਦੀਆਂ ਰਿਪੋਰਟਾਂ ਬਾਬਤ ਸੂਚਨਾਂ ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਨੂੰ ਭੇਜੀ ਗਈ।
6. ਪੰਜਾਬ ਐਟ ਏ ਗਲਾਂਸ ਜਿਲ੍ਹਾਵਾਰ ਸਾਲ 2014 ਤਿਆਰ ਕੀਤਾ ਗਿਆ।
7. ਕੇਂਦਰ ਅਤੇ ਰਾਜ ਅੰਕੜਾਤਮਕ ਬਿਊਰੋਜ ਦੀ 23ਵੀਂ ਕਾਨਫਰੰਸ ਆਰਥਿਕ ਸਲਾਹਕਾਰ ਦੁਆਰਾ ਮਿਤੀ 04 ਤੋ 05 ਨਵੰਬਰ, 2015 ਨੂੰ ਗੋਹਾਟੀ (ਆਸਾਮ) ਵਿਖੇ ਅਟੈਂਡ ਕੀਤੀ ਗਈ।22ਵੀਂ ਕਾਨਫਰੰਸ ਦੀ ਐਕਸ਼ਨ ਟੇਕਨ ਰਿਪੋਰਟ ਵੀ ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਨੂੰ ਭੇਜੀ ਗਈ।
8. "ਪੰਜਾਬ ਦੀ ਜਨਸੰਖਿਆ ਦੇ ਅੰਕੜੇ" ਪਬਲੀਕੇਸ਼ਨ ਤਿਆਰ ਕੀਤੀ ਗਈ ਅਤੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਗਈ।
9. ਅਰਥ ਅਤੇ ਅੰਕੜਾ ਸੰਗਠਨ ਦੇ ਕੰਮ ਨੂੰ ਰਿਵਿਊ ਕਰਨ ਲਈ ਜਿਲਾ ਅਧਿਕਾਰੀਆਂ ਨਾਲ ਮੀਟਿੰਗਾਂ ਕਰਵਾਈਆਂ ਗਈਆਂ।
10. ਵਿਭਾਗ ਦੀ ਤਿਮਾਹੀ ਨਿਊਜ ਲੈਟਰ ਮੁੱਕਦੀ ਤਿਮਾਹੀ ਮਾਰਚ-2015 ਅਤੇ ਜੂਨ-2015 ਤਿਆਰ ਕੀਤੀ ਗਈ।
11. ਰਾਈਟ ਟੂ ਇਨਫਰਮਸ਼ਨ ਐਕਟ-2005 ਅਧੀਨ
    (i) 17 ਮੈਨੂਅਲਜ਼ ਦੀ ਸੂਚਨਾ 31.3.2015 ਮੁਤਾਬਕ ਅੱਪਡੇਟ ਕੀਤੀ।
    (ii) ਸਾਲ 2015 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸ਼ਨ ਨੂੰ ਭੇਜੀ ਗਈ।
    (iii) ਸੂਚਨਾ ਦਾ ਅਧਿਕਾਰ ਸੰਬਧੀ ਕੇਸਾਂ ਨੂੰ ਨਿਪਟਾਇਆ ਗਿਆ।
12. 13ਵੇਂ ਕਮਿਸ਼ਨ ਅਧੀਨ ਵਿਭਾਗ ਦੇ ਅੰਕੜਾਤਮਕ ਸਟਾਫ ਦੀ MGSIPA ਚੰਡੀਗੜ੍ਹ ਵਿਖੇ ਦਫਤਰੀ ਟ੍ਰੇਨਿੰਗ ਕੋਆਰਡੀਨੇਟ ਕੀਤੀ ਗਈ।

ਫੁੱਟਕਲ:-

ਇਸ ਸੈਕਸ਼ਨ ਵਲੋਂ ਕੋਆਰਡੀਨਸ਼ਨ ਅਤੇ ਹੋਰ ਟਰੇਨਿੰਗਾਂ ਦਾ ਕੰਮ ਵੀ ਦੇਖਿਆ ਜਾਂਦਾ ਹੈ।

## 6. ਕੀਮਤਾਂ

ਕੀਮਤਾਂ ਦੇ ਰੁੱਖ ਦਾ ਅਧਿਐਨ ਕਰਨ ਲਈ (ਖਾਸ ਕਰਕੇ ਵੱਧ ਰਹੀਆਂ ਕੀਮਤਾਂ) ਥੋਕ ਅਤੇ ਪ੍ਰਚੂਨ ਕੀਮਤਾਂ ਹਰ ਹਫਤੇ ਇਕੱਠੀਆਂ ਕੀਤੀਆਂ ਜਾਂਦੀਆਂ ਹਨ।ਇਨ੍ਹਾਂ ਕੀਮਤਾਂ ਤੋਂ ਮਹੀਨਾਵਾਰ ਕੀਮਤਾਂ ਦੇ ਬੁਲੇਟਿਨ ਤਿਆਰ ਕੀਤੇ ਜਾਂਦੇ ਹਨ।ਪੰਜਾਬ ਵਿਚ ਕਾਮੇ ਵਰਗਾਂ ਲਈ ਉਪਭੋਗਤਾ ਭਾਅ ਸੂਚਕ ਅੰਕ 6 ਚੋਣਵੇਂ ਕੇਂਦਰਾਂ ਅਰਥਾਤ ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ ਲਈ ਹਰ ਮਹੀਨੇ ਤਿਆਰ ਕਰਕੇ ਰਾਜ ਦੇ ਸਰਕਾਰੀ ਦਫਤਰਾਂ ਅਤੇ ਸਬੰਧਤ ਉਦਯੋਗਿਕ ਇਕਾਈਆਂ ਨੂੰ ਭੇਜੇ ਜਾਂਦੇ ਹਨ ਤਾਂ ਕਿ ਉਹ ਫੈਕਟਰੀ ਕਾਮਿਆਂ ਨੂੰ ਵੱਧ ਰਹੀਆਂ ਕੀਮਤਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਰਾਹਤ ਦੇ ਸਕਣ।ਪੇਂਡੂ ਪ੍ਰਚੂਨ ਕੀਮਤਾਂ ਅਤੇ ਜ਼ਰਾਇਤੀ ਮਜ਼ਦੂਰਾਂ ਦੀ ਮਜ਼ਦੂਰੀ ਸਬੰਧੀ ਅੰਕੜੇ ਇਕੱਠੇ ਕਰਕੇ ਸੰਕਲਨ ਤੋਂ ਬਾਅਦ ਹਰ ਮਹੀਨੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਦੇ ਵਿਭਾਗਾਂ ਨੂੰ ਭੇਜੇ ਜਾਂਦੇ ਹਨ।ਚੁਣੀਆਂ ਹੋਈਆਂ ਜ਼ਰੂਰੀ ਵਸਤਾਂ ਦੀਆਂ ਥੋਕ ਅਤੇ ਪ੍ਰਚੂਨ ਕੀਮਤਾਂ ਦੀ ਮਹੀਨਾਵਾਰ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਜਾਂਦੀ ਹੈ।

ਸਾਲ 2015-16 ਦੌਰਾਨ ਕੀਤਾ ਕੰਮ :-

1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ (ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ ) ਕੇਂਦਰਾਂ ਲਈ ਇਨਡੈਕਸ ਮਹੀਨਾ ਮਾਰਚ, 2015 ਤੋਂ ਜਨਵਰੀ, 2016 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ ਅਤੇ ਵਿਭਾਗੀ ਵੈਬਸਾਈਟ ਤੇ ਪਲੇਸ ਕੀਤੇ ਗਏ।
2. ਥੋਕ ਕੀਮਤਾਂ ਦਾ ਸੂਚਕ ਅੰਕ ਮਹੀਨਾ ਮਾਰਚ-2015 ਤੋਂ ਫਰਵਰੀ-2016 ਤੱਕ ਤਿਆਰ ਕਰਨ ਉਪਰੰਤ ਜਾਰੀ ਕੀਤਾ ਗਿਆ ਅਤੇ ਵਿਭਾਗੀ ਵੈਬਸਾਈਟ ਤੇ ਪਲੇਸ ਕੀਤੇ ਗਏ।
3. ਉਪਰੇਸ਼ਨ ਵਾਈਜ/ ਜਿਲ੍ਹਾ-ਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜ਼ਦੂਰੀ ਸਬੰਧੀ ਮਹੀਨਾ ਮਾਰਚ, 2015 ਤੋਂ ਫਰਵਰੀ, 2016 ਤੱਕ ਲੋੜੀਂਦੀ ਸੂਚਨਾ ਤਿਆਰ ਕਰਕੇ ਖੇਤੀਬਾੜੀ ਵਿਭਾਗ ਨੂੰ ਭੇਜੀ ਗਈ ਤਾਂ ਜੋ ਭਾਰਤ ਸਰਕਾਰ ਨੂੰ ਅਗਲੇਰੀ ਕਾਰਵਾਈ ਲਈ ਭੇਜੀ ਜਾ ਸਕੇ।
4. 23 ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਜ਼ਿਲ੍ਹਿਆਂ ਤੋਂ ਇਕੱਤਰ ਕਰਨ ਉਪਰੰਤ ਮਾਰਚ, 2015 ਤੋਂ ਮਾਰਚ, 2016 ਤੱਕ ਹਫ਼ਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕਰਕੇ ਹਰ ਬੁੱਧਵਾਰ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਗਈ।
5. ਉਦਯੋਗਿਕ ਕਾਮਿਆਂ ਲਈ ਉਪਭੋਗਤਾ ਭਾਅ ਸੂਚਕ ਅੰਕ ਦਾ ਆਧਾਰ ਸਾਲ ਅਪਡੇਟ ਕਰਨ ਲਈ ਛੇ ਸੈਂਟਰਾਂ (ਬਠਿੰਡਾ, ਕਪੂਰਥਲਾ, ਪਟਿਆਲਾ, ਮੰਡੀ ਗੋਬਿੰਦਗੜ੍ਹ, ਫਗਵਾੜਾ ਅਤੇ ਐਸ.ਏ.ਐਸ ਨਗਰ) ਦਾ ਫੈਮਲੀ ਇਨਕਮ ਅਤੇ ਐਕਸਪੈਂਡੀਚਰ ਸਰਵੇ ਕਰਵਾਉਣ ਲਈ ਹਫਤਾਵਾਰ/ ਮਹੀਨਾਵਾਰ/ ਕਪੜਾ/ ਰਾਸ਼ਨ ਡਿਪੂਆਂ ਲਈ ਦੁਕਾਨਾਂ ਦੀ ਲਿਸਟ ਅਤੇ ਸ਼ਡਿਊਲ ਤਿਆਰ ਕੀਤੇ ਗਏ।
6. ਐਨ.ਆਈ.ਸੀ ਵਲੋਂ CPI(IW) ਰਾਹੀਂ ਰਾਜ ਦੇ 6 ਸੈਂਟਰਾਂ ਦੀਆਂ ਜਰੂਰੀ ਵਸਤਾਂ ਦੀਆਂ ਕੀਮਤਾਂ ਆਨ ਲਾਈਨ ਮੰਗਵਾਉਣ ਵਾਸਤੇ ਨਵਾਂ ਮੋਡਿਊਲ ਤਿਆਰ ਕਰਵਾਇਆ ਗਿਆ।
7. ਆਰਥਿਕ ਸਰਵੇਖਣ ਪੰਜਾਬ 2015-16 ਅਤੇ ਰਾਜ ਅੰਕੜਾ ਸਾਰ 2015 ਲਈ ਕੀਮਤਾਂ ਸਬੰਧੀ ਚੈਪਟਰ ਅਤੇ ਸਾਰਣੀਆਂ ਤਿਆਰ ਕੀਤੇ ਗਏ।

## 7. ਫ਼ੀਲਡ ਉਪਰੇਸ਼ਨ

ਅਰਥ ਤੇ ਅੰਕੜਾ ਸੰਗਠਨ, ਪੰਜਾਬ ਦੀ ਫੀਲਡ ਉਪਰੇਸ਼ਨ ਸ਼ਾਖਾ ਦੀ ਸਥਾਪਨਾ ਦਾ ਮੁੱਖ ਉਦੇਸ਼ ਪਿੰਡ/ਬਲਾਕ ਪੱਧਰ ਦੇ ਅੰਕੜਿਆਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ।ਇਹ ਸ਼ਾਖਾ ਸਮਾਜਿਕ ਅਤੇ ਆਰਥਿਕ ਪਹਿਲੂਆਂ ਦੀ ਪਿੰਡ/ਬਲਾਕ ਪੱਧਰ ਤੇ ਵਾਧੂ ਮੁੱਢਲੀ ਮਹਤੱਵਪੂਰਣ ਸੂਚਨਾ ਵੀ ਇਕੱਠੀ ਕਰਦੀ ਹੈ ਜੋ ਪਹਿਲਾਂ ਕਿਸੇ ਹੋਰ ਏਜੰਸੀ ਦੁਆਰਾ ਘੱਟ ਹੀ ਇਕੱਤਰ ਕੀਤੀ ਜਾਂਦੀ ਰਹੀ ਹੋਵੇ।ਸਮੇਂ ਦੀ ਮੰਗ ਨਾਲ ਬਲਾਕ ਅਤੇ ਹੇਠਲੇ ਪੱਧਰ ਦੀ ਮਾਈਕਰੋ ਯੋਜਨਾ ਦੀ ਮਹੱਤਤਾ ਵਧਣ ਨਾਲ ਬਲਾਕ ਪੱਧਰ ਦੇ ਅੰਕੜਿਆਂ ਦੀ ਮਹੱਤਤਾ ਵੱਧ ਗਈ ਹੈ ਅਤੇ ਵੱਖ ਵੱਖ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਲੋਂ ਵਿਸ਼ੇਸ਼ ਕਰਕੇ ਯੋਜਨਾ ਤੇ ਹੇਠਲੀ ਪੱਧਰ ਦੇ ਵਿਕੇਂਦਰੀਕਰਨ ਹੋਣ ਕਰਕੇ ਪਿੰਡ ਤੇ ਬਲਾਕ ਪੱਧਰ ਦੇ ਅੰਕੜਿਆਂ ਦੀ ਬਹੁਤ ਮੰਗ ਰਹਿੰਦੀ ਹੈ।

ਬਲਾਕ ਪੱਧਰ ਤੇ ਨਿਯੁਕਤ ਇਨਵੈਸਟੀਗੇਟਰਾਂ ਵਲੋਂ ਪਿੰਡ ਪੱਧਰ ਦੀ ਵਿਸਥਾਰ ਪੂਰਵਕ ਸੂਚਨਾ ਇਕੱਤਰ ਅਤੇ ਸੰਕਲਨ ਕੀਤੀ ਜਾਂਦੀ ਹੈ, ਜਿਸ ਨੂੰ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਅੰਕੜਾ ਅਫਸਰਾਂ ਦੀ ਦੇਖ ਰੇਖ ਵਿਚ ਅੰਕੜਾ ਸਹਾਇਕ/ ਸਹਾਇਕ ਖੋਜ਼ ਅਫਸਰਾਂ ਰਾਹੀਂ ਚੈਕ ਕੀਤਾ ਜਾਂਦਾ ਹੈ।ਰਾਜ ਪੱਧਰ ਤੇ ਇਸ ਸੂਚਨਾ ਦੀ ਸਕਰੂਟਨੀ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ।ਇਕੱਤਰ ਕੀਤੀ ਗਈ ਸੂਚਨਾ ਦੇ

ਆਧਾਰ ਤੇ ਰਾਜ ਦੇ ਹਰ ਜ਼ਿਲ੍ਹੇ ਵਲੋਂ ਪਿੰਡਾਂ ਦੀ ਡਾਇਰੈਕਟਰੀ ਅਤੇ ਬਲਾਕ ਐਟ ਏ ਗਲਾਂਸ ਤਿਆਰ ਕੀਤੇ ਜਾਂਦੇ ਹਨ।

ਯੋਜਨਾ ਕਮਿਸ਼ਨ ਭਾਰਤ ਸਰਕਾਰ ਦੇ ਨਿਰਦੇਸ਼ ਅਨੁਸਾਰ ਸਾਲ 1998-99 ਤੋਂ ਰਾਜ ਦੇ ਹਰ ਜ਼ਿਲ੍ਹੇ ਦੀ ਪਿੰਡਾਂ ਦੀ ਡਾਇਰੈਕਟਰੀ ਨੂੰ ਵੈਬ ਸਾਈਟ ਤੇ ਪਲੇਸ ਕੀਤੀ ਜਾਂਦੀ ਹੈ।ਹਰ ਸਾਲ ਬਲਾਕਵਾਰ ਸਮਾਜਿਕ ਅਤੇ ਆਰਥਿਕ ਵਿਕਾਸ (ਪੇਂਡੂ) ਸੂਚਕ ਅੰਕ ਤਿਆਰ ਕੀਤੇ ਜਾਂਦੇ ਹਨ ਅਤੇ ਇਸ ਤਰ੍ਹਾਂ ਹੀ ਪੰਜਾਬ ਰਾਜ ਦੇ ਅਤੇ ਸਮੂਹ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਵੀ ਤਿਆਰ ਕਰਕੇ ਵੈਬਸਾਈਟ ਤੇ ਪਲੇਸ ਕੀਤੇ ਜਾਂਦੇ ਹਨ।ਇਸ ਤੋਂ ਇਲਾਵਾ ਸਮੇਂ ਸਮੇਂ ਤੇ ਰਾਜ ਸਰਕਾਰ ਵਲੋਂ ਪ੍ਰਸਤਾਵਿਤ ਹੋਰ ਐਡਹਾਕ ਸਰਵੇ ਵੀ ਇਸ ਯੂਨਿਟ ਰਾਹੀਂ ਕਰਵਾਏ ਜਾਂਦੇ ਹਨ।

ਸਾਲ 2015-2016 ਦੌਰਾਨ ਕੀਤਾ ਕੰਮ:-

1. (i) ਪਿੰਡਾਂ ਦੀ ਡਾਇਰੈਕਟਰੀ ਸਾਲ 2013-14 ਦੇ ਸਮੂਹ ਜਿਲ੍ਹਿਆਂ ਦੀ PDF ਤਿਆਰ ਕਰਕੇ ਵਿਭਾਗ ਦੀ ਵੈਬਸਾਈਟ www.esopb.gov.in ਤੇ ਪਲੇਸ ਕੀਤੀ ਗਈ।
   (ii) ਪਿੰਡਾਂ ਦੀ ਡਾਇਰੈਕਟਰੀ ਸਾਲ 2014-15 ਦੇ 22 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜਡ ਕਰਵਾਈ ਗਈ।
2. ਬਲਾਕ ਐਟ ਏ ਗਲਾਂਸ ਸਾਲ 2013-14 ਦੀ ਸਮੂਹ ਜਿਲ੍ਹਿਆਂ ਦੀ ਸੂਚਨਾ ਵਿਭਾਗ ਦੀ ਵੈਬ ਸਾਈਟ ਤੇ ਆਨ ਲਾਈਨ ਦਰਸਾਉਣ ਲਈ ਪੀ.ਡੀ.ਐਫ ਫਾਰਮੈਟ ਵਿਚ ਤਿਆਰ ਕੀਤੀ ਗਈ।
3. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2012-13 ਤਿਆਰ ਕਰਨ ਉਪਰੰਤ ਵਿਭਾਗੀ ਵੈਬਸਾਈਟ ਤੇ ਪਾਏ ਗਏ।
4. ਆਰਥਿਕ ਸਰਵੇਖਣ ਸਾਲ 2015-16 ਦੇ ਦੋ ਚੈਪਟਰਾਂ (ਗਰੀਬੀ ਨਿਵਾਰਣ ਅਤੇ ਸਮਾਜਿਕ ਸੇਵਾਵਾਂ) ਸਬੰਧੀ ਡਾਟਾ ਇਕੱਤਰ ਅਤੇ ਸੰਕਲਿਤ ਕੀਤਾ ਗਿਆ।
5. ਸਮੂਹ ਜਿਲ੍ਹਿਆਂ ਤੋਂ ਵਿਕਾਸ ਇੰਡੀਕੇਟਰ ਦਾ ਡਾਟਾ ਇੱਕਤਰ ਕੀਤਾ ਗਿਆ ਅਤੇ ਰਾਜ ਅੰਕੜਾ ਸਾਰ 2015 ਲਈ ਸਾਰਣੀਆਂ ਤਿਆਰ ਕਰਕੇ ਸਬੰਧਤ ਸ਼ਾਖਾ ਨੂੰ ਭੇਜੀਆਂ ਗਈਆਂ।
6. ਪਾਇਲਟ ਪ੍ਰੋਜੈਕਟ ਤੇ 2 ਜਿਲਿਆਂ (ਪਟਿਆਲਾ ਅਤੇ ਸੰਗਰੂਰ) ਦੀ ਮੰਗ ਅਨੁਸਾਰ ਐਨ.ਆਈ.ਸੀ. ਤੋਂ ਪਿੰਡਾਂ ਦੀ ਡਾਇਰੈਕਟਰੀ, ਬਲਾਕ ਐਟ-ਏ-ਗਲਾਂਸ ਅਤੇ ਬਲਾਕ ਵਿਕਾਸ ਇੰਡੀਕੇਟਰਜ਼ ਸਬੰਧੀ ਸਾਫਟਵੇਅਰ ਤਿਆਰ ਕਰਨ ਲਈ ਕੋਆਰਡੀਨੇਟ ਕੀਤਾ।

## 8. ਡੈਮੋਗ੍ਰਾਫੀ ਅਤੇ ਹਾਊਸਿੰਗ

ਇਸ ਸੈਕਸ਼ਨ ਦੁਆਰਾ ਹੇਠ ਦਰਸਾਈਆਂ ਰਿਪੋਰਟਾਂ ਤਿਆਰ ਕੀਤੀਆਂ:-

1. **ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ**:

ਇਹ ਸਲਾਨਾ ਪ੍ਰਕਾਸ਼ਨ ਹੈ, ਜਿਸ ਵਿਚ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਗਣਨਾ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਹਰ ਸਾਲ 31 ਮਾਰਚ ਤੱਕ ਦੀ ਸੂਚਨਾਂ ਹੁੰਦੀ ਹੈ।ਸਲਾਨਾ ਰਿਪੋਰਟ ਵਿੱਚ ਸੂਚਨਾ ਤਨਖਾਹ ਰੇਜ਼, ਜ਼ਿਲ੍ਹੇਵਾਰ, ਵਿਭਾਗਵਾਰ ਅਤੇ ਲਿੰਗਵਾਰ ਦਰਜ ਕੀਤੀ ਜਾਂਦੀ ਹੈ।ਪੰਜਾਬ ਸਰਕਾਰ ਦੇ ਕੁੱਲ ਕਰਮਚਾਰੀਆਂ ਵਿਚੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਸਾਬਕਾ ਫੌਜੀਆਂ, ਸੁਤੰਤਰਤਾ ਸੰਗਰਾਮੀਆਂ ਦੇ ਬੱਚੇ ਅਤੇ ਅੰਗਹੀਣ ਕਰਮਚਾਰੀਆਂ ਦੀ ਗਿਣਤੀ ਇਕੱਤਰ ਕੀਤੀ ਜਾਂਦੀ ਹੈ।

ਇਸ ਪੁਸਤਕ ਵਿੱਚ ਮਾਰਚ, 1993 ਤੋਂ ਕਾਰਪੋਰਸ਼ਨ, ਬੋਰਡਾਂ, ਨਗਰਪਾਲਿਕਾਵਾਂ ਮਾਰਕੀਟ ਕਮੇਟੀਆਂ ਅਤੇ ਨਗਰ ਸੁਧਾਰ ਟਰਸਟਾਂ ਆਦਿ ਦੇ ਅਰਧ ਸਰਕਾਰੀ ਕਰਮਚਾਰੀਆਂ ਸਬੰਧੀ ਡੈਟਾ ਸ਼ਾਮਿਲ ਕੀਤਾ ਗਿਆ ਹੈ।ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਗਣਨਾ ਅਤੇ ਅਰਧ-ਸਰਕਾਰੀ ਕਰਮਚਾਰੀਆਂ ਦੀ ਗਣਨਾ ਦੀ ਰਿਪੋਰਟ ਬਾਬਤ 31-3-2014 ਤਿਆਰ ਕੀਤੀ ਗਈ।ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਰਿਪੋਰਟ ਬਾਬਤ 31-3-2015 ਪ੍ਰਗਤੀ ਅਧੀਨ ਰਹੀ।

2. **ਨਗਰਪਾਲਿਕਾ ਅੰਕੜਾ ਪੁਸਤਕ**:

ਇਹ ਰਿਪੋਰਟ ਸਲਾਨਾ ਤਿਆਰ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਰਾਜ ਦੀਆਂ ਸਾਰੀਆਂ ਨਗਰ ਨਿਗਮ/ਨਗਰਪਾਲਿਕਾਵਾਂ ਦੇ ਮਹੱਤਵਪੂਰਨ ਅੰਕੜੇ ਜਿਵੇਂ ਰਕਬਾ ਅਤੇ ਆਬਾਦੀ, ਚੰਗੀ ਸਿਹਤ,

ਸਿੱਖਿਆ, ਪਾਣੀ ਸਪਲਾਈ, ਮਨੋਰੰਜਨ ਸਹੂਲਤਾਂ, ਹੋਟਲ, ਪਸ਼ੂ ਚਕਿਤਸਾਵਾਂ, ਬੈਂਕ, ਸੜਕਾਂ, ਖੇਡ ਸਹੂਲਤਾਂ ਅਤੇ ਡੀਜ਼ਲ/ ਪੈਟਰੋਲ ਪੰਪ ਤੇ ਗੈਸ ਏਜੰਸੀਆਂ ਦੀ ਗਿਣਤੀ ਆਦਿ ਦਰਜ ਕੀਤੇ ਜਾਂਦੇ ਹਨ।

(i) ਇਸ ਸਮੇਂ ਦੌਰਾਨ ਨਗਰਪਾਲਿਕਾ ਅੰਕੜਾ ਪੁਸਤਕ ਸਾਲ 2012-13 ਅਤੇ 2013-14 ਤਿਆਰ ਕੀਤੀਆਂ ਗਈਆਂ।

(ii) ਨਗਰਪਾਲਿਕਾ ਅੰਕੜਾ ਪੁਸਤਕ ਸਾਲ 2014-15 ਦੀ ਰਿਪੋਰਟ ਤਿਆਰ ਕੀਤੀ ਗਈ।

3. ਬਿਲਡਿੰਗ ਮਟੀਰੀਅਲ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ:

(i) ਬਿਲਡਿੰਗ ਮਟੀਰੀਅਲ ਦੀਆਂ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ ਦੇ ਅੰਕੜੇ ਤਿਮਾਹੀਵਾਰ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਤੋਂ ਇਕੱਤਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ ਨਵੀਂ ਦਿੱਲੀ ਨੂੰ ਭੇਜੇ ਗਏ।

(ii) ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਸਲਾਨਾ ਤਿਆਰ ਕਰਕੇ ਐਨ.ਬੀ.ਓ. ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜਿਆ ਗਿਆ।

(iii) ਬਿਲਡਿੰਗ ਮੈਟੀਰੀਅਲ ਦੀਆਂ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ ਸਬੰਧੀ ਤਿਮਾਹੀਵਾਰ 31-3-2015, 30-6-2015, 30-9-2015 ਅਤੇ 31-12-2015 ਦੀ ਸੂਚਨਾਂ ਤਿਆਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ।ਸਾਲ 2015 ਦਾ ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ

4. ਮਕਾਨਾਂ/ਇਮਾਰਤਾਂ ਦੀ ਉਸਾਰੀ ਸਬੰਧੀ ਸੂਚਨਾਂ

ਕੇਂਦਰ ਸਰਕਾਰ ਦੀਆਂ ਅਗਵਾਈ ਲੀਹਾਂ ਅਨੁਸਾਰ ਪ੍ਰਾਈਵੇਟ/ਪਬਲਿਕ ਖੇਤਰ ਵਿਚ ਮਕਾਨਾਂ/ਇਮਾਰਤਾਂ ਦੀ ਉਸਾਰੀ ਦੀ ਸੂਚਨਾਂ ਕ੍ਰਮਵਾਰ ਸਬੰਧਤ ਨਗਰਪਾਲਿਕਾਵਾਂ ਅਤੇ ਰਾਜ ਸਰਕਾਰ ਦੇ ਸਬੰਧਤ ਅਦਾਰਿਆਂ ਤੋਂ ਇਕੱਤਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਜਾਂਦੀ ਹੈ।

ਪਬਲਿਕ ਸੈਕਟਰ ਨਾਲ ਸਬੰਧਤ 5 ਵਿਭਾਗਾਂ ਪੁਲਿਸ ਹਾਊਸਿੰਗ ਕਾਰਪੋਰੇਸ਼ਨ, ਪੰਜਾਬ ਹਾਊਸਫੈੱਡ, ਪੰਜਾਬ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ), ਹੈਲਥ ਸਿਸਟਮ ਕਾਰਪ੍ਰੋਰੇਸ਼ਨ, ਪਬਲਿਕ ਵਰਕਸ ਵਿਭਾਗ (ਬੀ.ਐਂਡ ਆਰ), ਤੋਂ ਪ੍ਰਾਪਤ ਸੂਚਨਾ NBO ਨਵੀਂ ਦਿੱਲੀ ਨੂੰ ਭੇਜੀ ਗਈ।

5. ਰੁਜਗਾਰ ਅਤੇ ਬੇਰੁਜਗਾਰ ਸਰਵੇ

ਲੇਬਰ ਬਿਊਰੋ ਭਾਰਤ ਸਰਕਾਰ ਵਲੋਂ ਪੰਜਾਬ ਵਿੱਚ ਇੰਮਪਲਾਇਮੈਂਟ ਅਤੇ ਅਨਇੰਮਪਲਾਇਮੈਂਟ ਸਰਵੇ ਕਰਵਾਇਆ ਜਾ ਰਿਹਾ ਹੈ।ਸਰਵੇ ਦੀ ਸੁਪਰਵੀਜ਼ਨ ਦਾ ਕੰਮ ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਵਲੋਂ ਵੇਖਿਆ ਜਾ ਰਿਹਾ ਹੈ।ਸਰਵੇ ਦੇ ਕੁਆਰਡੀਨੇਸ਼ਨ ਦਾ ਕੰਮ ਡੈਮੋਗਰਾਫੀ ਸ਼ਾਖਾ ਵਲੋ ਕੀਤਾ ਗਿਆ।

6. ਇਨਫਰਾਸਟਕਚਰ ਸਟੈਟਿਸਟਿਕਸ

ਇਨਫਰਾਸਟਕਚਰ ਸਟੈਟਿਸਟਿਕਸ ਰਿਪੋਰਟ 11 ਖੇਤਰਾਂ ਸੜਕਾਂ, ਰੇਲਵੇ,ਸਿੰਚਾਈ, ਬਿਜਲੀ, ਬੈਕਿੰਗ, ਹਵਾਈ ਅੱਡਾ, ਦੂਰ ਸੰਚਾਰ, ਡਾਕਘਰ, ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਗੋਦਾਮਾਂ ਦੀ ਸੂਚਨਾਂ ਇਕੱਤਰ ਕਰਕੇ ਬਣਾਈ ਗਈ।

(i) ਇਨਫਰਾਸਟਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2013 ਤਿਆਰ ਕੀਤੀ ਗਈ।

(ii) ਇਨਫਰਾਸਟਕਚਰ ਸਟੈਟਿਸਟਿਕਸ ਰਿਪੋਰਟ ਸਾਲ 2014 ਤਿਆਰ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ।

7. ਫੁੱਟਕਲ ਕੰਮ

(i) ਕਰਮਚਾਰੀਆਂ ਦੀ ਗਣਨਾ ਦਾ ਸਾਫਟਵੇਅਰ ਨੈਸ਼ਨਲ ਇਨਫਰਮੇਟਿਕ ਸੈਟਰ ਤੋਂ ਨਵੇਂ ਸਿਰ ਤੋਂ ਤਿਆਰ ਕਰਨ ਲਈ ਐਨ.ਆਈ.ਸੀ ਦੇ ਅਧਿਕਾਰੀਆਂ/ਕਰਮਚਾਰੀਆਂ ਅਤੇ ਜਿਲ੍ਹਿਆਂ ਨਾਲ ਤਾਲਮੇਲ ਅਤੇ ਪੱਤਰ-ਵਿਹਾਰ ਕੀਤਾ ਗਿਆ।ਐਨ.ਆਈ.ਸੀ ਵਲੋਂ ਇਸ ਸਬੰਧੀ ਜਿਲ੍ਹਿਆਂ ਨੂੰ ਟ੍ਰੇਨਿੰਗ ਦੇਣ ਲਈ ਵੀਡਿਓ ਕਾਨਫਰਸਿੰਗ ਰਾਹੀਂ ਐਨ.ਆਈ.ਸੀ ਅਤੇ ਜਿਲ੍ਹਿਆਂ ਵਿਚ ਤਾਲਮੇਲ ਕੀਤਾ ਗਿਆ।

(ii) ਆਰਥਿਕ ਸਰਵੇਖਣ ਦੇ ਦੋ ਚੈਪਟਰ 'ਰੁਜਗਾਰ' ਅਤੇ 'ਲੋਕ ਵੰਡ ਪ੍ਰਣਾਲੀ' ਤਿਆਰ ਕਰਕੇ ਸੰਗ੍ਰਿਹ ਸ਼ਾਖਾ ਨੂੰ ਭੇਜੇ ਗਏ।

## 9. ਸਿੰਚਾਈ ਅਤੇ ਊਰਜਾ

ਇਸ ਸੈਕਸ਼ਨ ਦੁਆਰਾ ਪੰਜਾਬ ਦੇ ਊਰਜਾ ਅੰਕੜੇ ਦੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਜਿਸ ਵਿੱਚ ਊਰਜਾ ਦੇ ਵੱਖ ਵੱਖ ਪਹਿਲੂਆਂ ਉਤੇ ਜ਼ਿਲ੍ਹੇਵਾਰ ਅਤੇ ਰਾਜਵਾਰ ਸੂਚਨਾਂ ਸ਼ਾਮਿਲ ਕੀਤੀ ਜਾਂਦੀ ਹੈ। ਇਸ ਰਿਪੋਰਟ ਵਿੱਚ ਬਿਜਲੀ ਦੇ ਉਤਪਾਦਨ, ਖਪਤ, ਸੰਚਾਰ, ਵੰਡ, ਪਲਾਟਾਂ ਦੀ ਸਥਾਪਿਤ ਸਮਰੱਥਾ, ਪਲਾਂਟ ਲੋਡ ਫੈਕਟਰਜ਼, ਕੁਨੈਕਟਿਡ ਲੋਡ, ਐਲ.ਟੀ., 11 ਕੇ.ਵੀ. ਅਤੇ ਐਚ.ਟੀ. ਲਾਈਨਾਂ ਦੀ ਲੰਬਾਈ, ਟਰਾਂਸਫਾਰਮਰਾਂ ਦੀ ਗਿਣਤੀ ਅਤੇ ਬਿਜਲੀਕਰਨ ਕੀਤੇ ਪਿੰਡਾਂ ਅਤੇ ਕਸਬਿਆਂ ਦੀ ਸੰਖਿਆ, ਗੈਸ ਕੁਨੈਕਸ਼ਨਾਂ ਦੀ ਗਿਣਤੀ, ਗੋਬਰ ਗੈਸ ਪਲਾਟਾਂ ਦੀ ਗਿਣਤੀ, ਪੈਟਰੋਲ, ਹਾਈਸਪੀਡ ਡੀਜ਼ਲ ਅਤੇ ਮਿੱਟੀ ਦੇ ਤੇਲ ਦੀ ਖਪਤ ਅਤੇ ਬਿਜਲੀ ਨਾਲ ਸਬੰਧਤ ਸਕੀਮਾਂ ਤੇ ਖਰਚੇ ਆਦਿ ਦੇ ਵਿਸਥਾਰ ਪੂਰਵਕ ਅੰਕੜੇ ਸ਼ਾਮਿਲ ਕੀਤੇ ਜਾਂਦੇ ਹਨ। ਜਿਥੋਂ ਤੱਕ ਸੰਭਵ ਹੋਇਆ,ਦੂਜੇ ਰਾਜਾਂ ਨਾਲ ਵੱਖ ਵੱਖ ਤੱਥਾਂ ਦੇ ਤੁਲਨਾਤਮਿਕ ਅੰਕੜੇ ਵੀ ਰਿਪੋਰਟ ਵਿਚ ਦਿਤੇ ਗਏ।

ਸਾਲ 2015-16 ਦੌਰਾਨ ਕੀਤਾ ਕੰਮ:-

1. ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2011-12 ਅਤੇ 2013-14 ਦੀਆਂ ਰਿਪੋਰਟਾਂ ਤਿਆਰ ਕੀਤੀਆਂ ਗਈਆਂ।

## 10. ਰਾਸ਼ਟਰੀ ਨਮੂਨਾ ਸਰਵੇਖਣ

ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ, ਭਾਰਤ ਸਰਕਾਰ ਵਲੋਂ ਸਾਲ 1950 ਵਿੱਚ ਕੇਂਦਰ ਅਤੇ ਰਾਜ ਸਰਕਾਰ, ਪਲਾਨਿੰਗ ਕਮਿਸ਼ਨ ਅਤੇ ਹੋਰ ਚਾਹਵਾਨ ਅਦਾਰਿਆਂ ਦੀ ਲੋੜ ਅਨੁਸਾਰ ਰਾਸ਼ਟਰੀ ਪੱਧਰ ਤੇ ਵਿਸਥਾਰ ਪੂਰਵਕ ਸਮਾਜਿਕ ਤੇ ਆਰਥਿਕ ਅੰਕੜੇ ਇਕੱਠੇ ਕਰਨ ਲਈ ਸ਼ੁਰੂ ਕੀਤਾ ਗਿਆ ਸੀ। ਰਾਸ਼ਟਰੀ ਨਮੂਨਾ ਸਰਵੇਖਣ ਵੱਡੇ ਪੈਮਾਨੇ ਤੇ ਰਾਸ਼ਟਰੀ ਪੱਧਰ ਦਾ ਸਰਵੇਖਣ ਹੈ, ਜੋ ਭਾਰਤ ਸਰਕਾਰ ਦੁਆਰਾ ਹਰ ਸਾਲ ਦੌਰਾਂ ਦੇ ਰੂਪ ਵਿੱਚ ਵਰਤਮਾਨ ਮਹੱਤਤਾ ਦੇ ਵੱਖਰੇ ਵੱਖਰੇ ਵਿਸ਼ਿਆਂ ਤੇ ਕੀਤਾ ਜਾਂਦਾ ਹੈ। ਪੰਜਾਬ ਰਾਜ ਨੇ ਰਾਸ਼ਟਰੀ ਬਰਾਬਰੀ ਦੇ ਆਧਾਰ ਤੇ ਇਸ ਸਕੀਮ ਵਿੱਚ 1958-59 ਵਿੱਚ 14ਵੇਂ ਦੌਰ ਦੌਰਾਨ ਸ਼ਮੂਲੀਅਤ ਕੀਤੀ ਸੀ। ਰਾਸ਼ਟਰੀ ਨਮੂਨਾ ਸਰਵੇਖਣ ਰਾਹੀਂ ਅੰਕੜੇ ਇਕੱਠੇ ਕਰਨ ਦਾ ਪਹਿਲਾ ਮੰਤਵ ਪੰਜਾਬ ਰਾਜ ਲਈ ਇੱਕ ਮਾਤਰ ਸੈਂਪਲ ਨਤੀਜੇ ਪ੍ਰਾਪਤ ਕਰਨਾ ਹੈ ਤਾਂ ਜੋ ਇਹਨਾਂ ਨੂੰ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ, ਭਾਰਤ ਸਰਕਾਰ ਨੂੰ ਕੇਂਦਰੀ ਅਤੇ ਰਾਜ ਸੈਂਪਲ ਨਤੀਜੇ ਸਾਂਝੇ ਕਰਨ ਲਈ ਭੇਜਿਆ ਜਾ ਸਕੇ। ਇਸ ਸਕੀਮ ਦਾ ਦੂਜਾ ਮੰਤਵ ਭਿੰਨ ਭਿੰਨ ਵਿਭਾਗਾਂ ਨੂੰ ਉਹਨਾਂ ਦੇ ਲੋੜ ਅਨੁਸਾਰ ਅੰਕੜਾਤਮਿਕ ਸੂਚਨਾਂ ਪ੍ਰਦਾਨ ਕਰਨਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ:-

1. ਰਨਸ ਦੇ 72ਵਾਂ ਦੌਰ ਦੇ ਸਬ ਦੌਰ 4 ਦੇ ਖੇਤਰੀ ਸਰਵੇਖਣ ਦਾ ਕੰਮ ਪਹਿਲੀ ਅਪ੍ਰੈਲ, 2015 ਤੋਂ 30 ਜੂਨ, 2015 ਤੱਕ ਮੁਕੰਮਲ ਕੀਤਾ ਗਿਆ। ਅਲਾਟ ਕੀਤੇ 107 ਸੈਂਪਲਾਂ (ਪੇਂਡੂ 52 ਅਤੇ ਸ਼ਹਿਰੀ 55) ਦੇ 1177 ਸ਼ਡਿਊਲ ਭਰੇ ਗਏ।
2. ਪੰਜ ਵਰਕਸ਼ਾਪਸ/ ਟ੍ਰੇਨਿੰਗਸ ਅਟੈਂਡ ਕੀਤੀਆਂ ਗਈਆਂ:
   - (i) 73ਵਾਂ ਦੌਰ ਦੀ ਆਲ ਇੰਡੀਆ ਟ੍ਰੇਨਿੰਗ ਆਫ ਟ੍ਰੇਨਰਜ ਦੀ ਟ੍ਰੇਨਿੰਗ ਅਹਿਮਦਾਬਾਦ ਵਿਖੇ ਮਿਤੀ 8-4-2015 ਤੋਂ 9-4-2015 ਤੱਕ।
   - (ii) ਜਾਇੰਟ ਰੀਜਨਲ ਟ੍ਰੇਨਿੰਗ/ਵਰਕਸ਼ਾਪ, ਐਸ.ਏ.ਐਸ ਨਗਰ, ਪੰਜਾਬ ਵਿਖੇ ਮਿਤੀ 17.6.15 ਤੋਂ 19.6.15 ਤੱਕ।
   - (iii) ਜਾਇੰਟ ਰੀਜਨਲ ਟ੍ਰੇਨਿੰਗ/ਵਰਕਸ਼ਾਪ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਮਿਤੀ 19.6.2015 ਤੋਂ 21.6.2015 ਤੱਕ।
   - (iv) ਰੀਜਨਲ ਰੀਵਿਊ ਟ੍ਰੇਨਿੰਗ ਕੈਂਪ ਮੋਹਾਲੀ ਵਿਖੇ ਮਿਤੀ 7.8.2015.
   - (v) ਰੀਜਨਲ ਰੀਵਿਊ ਟ੍ਰੇਨਿੰਗ ਕੈਂਪ ਜਲੰਧਰ ਵਿਖੇ ਮਿਤੀ 11.8.2015.

3. ਰਨਸ ਦੇ 73ਵਾਂ ਦੌਰ ਦੇ ਪਹਿਲੇ ਅਤੇ ਦੂਜੇ ਸਬ ਦੌਰ ਲਈ ਰਾਸ਼ਟਰੀ ਨਮੂਨਾ ਸਰਵੇਖਣ (ਭਾਰਤ ਸਰਕਾਰ) ਵਲੋਂ ਡੀ.ਈ.ਐਸ. ਪੰਜਾਬ ਲਈ ਅਲਾਟ ਕੀਤੇ 230 ਸੈਂਪਲਾਂ ਵਿਚੋਂ (112 ਪੇਂਡੂ ਅਤੇ 118 ਸ਼ਹਿਰੀ) ਦਾ ਮਿਤੀ 1 ਜੁਲਾਈ, 2015 ਤੋਂ 31 ਦਸੰਬਰ, 2015 ਤੱਕ ਖੇਤਰੀ ਸਰਵੇਖਣ ਕੀਤਾ ਗਿਆ।
4. ਰਨਸ ਦੇ 73ਵਾਂ ਦੌਰ ਦੇ ਤੀਜੇ ਸਬ ਦੌਰ ਦਾ ਕੰਮ 1 ਜਨਵਰੀ, 2016 ਤੋਂ 31 ਮਾਰਚ, 2016 ਦੌਰਾਨ ਪੂਰਾ ਕੀਤਾ ਜਿਸ ਵਿਚ ਅਲਾਟ ਕੀਤੇ 115 ਸੈਂਪਲਾਂ (ਸ਼ਹਿਰੀ 59 ਅਤ ਪੇਂਡੂ 56) ਦਾ ਸਰਵੇ ਕੀਤਾ।
5. ਰਾਸ਼ਟਰੀ ਨਮੂਨਾ ਸਰਵੇਖਣ (ਭਾਰਤ ਸਰਕਾਰ) ਦੇ ਰੀਜਨਲ ਆਫਿਸ ਦੇ ਅਧਿਕਾਰੀਆਂ ਦੇ ਨਾਲ ਜ਼ਿਲ੍ਹਾ ਅੰਕੜਾ ਦਫ਼ਤਰ ਪੰਜਾਬ ਦੇ ਅਧਿਕਾਰੀਆਂ ਵਲੋਂ ਰਾਸ਼ਟਰੀ ਨਮੂਨਾ ਸਰਵੇਖਣ ਦੇ 73ਵੇਂ ਦੌਰ ਦੇ ਤੀਜੇ ਸਬ ਦੌਰ ਦੀ ਜੁਆਇੰਟ ਇੰਨਪੈਕਸ਼ਨ ਕੀਤੀ ਗਈ।
6. ਆਰਥਿਕ ਸਰਵੇਖਣ 2015-16 (ਬਜੱਟ ਡਾਕੂਮੈਂਟ) ਵੱਖ-ਵੱਖ ਬ੍ਰਾਂਚਾਂ ਤੋਂ ਡੈਟਾ ਇਕੱਤਰ ਕਰਕੇ ਤਿਆਰ ਕੀਤਾ ਗਿਆ ਅਤੇ ਵਿਧਾਨ ਸਭਾ ਵਿਚ ਪੇਸ਼ ਕਰਨ ਲਈ ਇਸ ਦੀ ਪ੍ਰਿੰਟਿੰਗ/ਪ੍ਰਕਾਸ਼ਨਾ ਕਰਵਾਈ ਗਈ।

## 11. ਟੈਬੂਲੇਸ਼ਨ

ਟੈਬੂਲੇਸ਼ਨ ਸ਼ਾਖਾ ਦਾ ਮੁੱਖ ਕੰਮ ਰਾਸ਼ਟਰੀ ਨਮੂਨਾ ਸਰਵੇਖਣ (ਸਟੇਟ ਸੈਂਪਲ) ਦੀ ਖੇਤਰ ਵਿਚੋਂ ਇਕੱਤਰ ਕੀਤੀ ਸੂਚਨਾਂ ਨੂੰ ਸੰਕਲਨ ਕਰਕੇ ਉਸ ਦੇ ਆਧਾਰ ਤੇ ਵੱਖ ਵੱਖ ਸਾਰਣੀਆਂ ਤਿਆਰ ਕਰਨਾ ਹੈ।ਡੈਟਾ ਪ੍ਰੋਸੈਸਿੰਗ/ਟੈਬੂਲੇਸ਼ਨ ਦਾ ਕੰਮ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ (ਐਨ.ਐਸ.ਐਸ.ਓ.) ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਦਿੱਤੀ ਗਈ ਵਿਧੀ ਅਤੇ ਟੈਬੂਲੇਸ਼ਨ ਪਲਾਨ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ:-

1. 68ਵੇਂ ਦੌਰ ਦੇ 392 ਸੈਂਪਲਾਂ ਵਿਚੋਂ 200 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
2. 70ਵੇਂ ਦੌਰ ਦੇ 120 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
3. 71ਵੇਂ ਦੌਰ ਦੇ 192 ਸੈਂਪਲਾਂ ਵਿਚੋਂ 64 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
4. ਰਨਸ ਦੇ 69ਵੇਂ ਦੌਰ ਦੇ ਭਰੇ ਸ਼ਡਿਊਲਾਂ ਦੇ ਅਧਾਰ ਤੇ ਡਰਿੰਕਿੰਗ ਵਾਟਰ, ਸੈਨੀਟੇਸ਼ਨ, ਹਾਊਸਿੰਗ ਕੰਡੀਸ਼ਨ ਦੀ ਰਿਪੋਰਟ ਤਿਆਰ ਕੀਤੀ ਗਈ ।
5. ਰਨਸ ਦੇ 67ਵੇਂ ਦੌਰ ਦੀ ਕੇਂਦਰੀ ਰਾਜ ਸਰਕਾਰ ਡਾਟਾ ਪੂਲਿੰਗ ਦੀ ਰਿਪੋਰਟ ਤਿਆਰ ਕਰਕੇ ਰਾਸ਼ਟਰੀ ਨਮੂਨਾ ਸਰਵੇਖਣ ਦਫਤਰ ਕਲਕੱਤੇ ਅਤੇ ਕੇਂਦਰੀ ਅੰਕੜਾ ਸੰਗਠਨ ਦਫਤਰ ਨੂੰ ਸੂਚਨਾ ਅਤੇ ਕਮੈਂਟਸ ਲਈ ਭੇਜੀ ਗਈ।

## 12. ਆਰਥਿਕ ਗਣਨਾ

ਪੰਜਾਬ ਵਿੱਚ ਛੇਵੀਂ ਆਰਥਿਕ ਗਣਨਾ 2012-13 ਕੇਂਦਰੀ ਅੰਕੜਾ ਸੰਗਠਨ, ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲਾ ਭਾਰਤ ਸਰਕਾਰ ਦੀ ਨਿਗਰਾਨੀ ਹੇਠ ਕਰਵਾਈ ਗਈ। ਇਹ 100 ਪ੍ਰਤੀਸ਼ਤ ਕੇਂਦਰੀ ਸਪਾਂਸਰਡ ਸਕੀਮ ਹੈ।ਅਰਥ ਅਤੇ ਅੰਕੜਾ ਸੰਗਠਨ, ਪੰਜਾਬ, ਯੋਜਨਾਬੰਦੀ ਵਿਭਾਗ ਰਾਜ ਵਿੱਚ ਸਕੀਮ ਲਾਗੂ ਕਰਨ ਲਈ ਨੋਡਲ ਏਜੰਸੀ ਹੈ ਅਤੇ ਵਿਭਾਗ ਵਲੋਂ ਪਹਿਲਾਂ ਹੀ ਸਾਲ 2014-15 ਦੌਰਾਨ ਅਣ ਅੰਤਿਮ ਨਤੀਜੇ ਘੋਸ਼ਿਤ ਕੀਤੇ ਜਾ ਚੁੱਕੇ ਹਨ।MOSPI, ਭਾਰਤ ਸਰਕਾਰ ਵਲੋਂ ਸਾਲ 2015-16 ਦੌਰਾਨ ਵਿਸਤਰਿਤ ਸਾਰਣੀਆਂ ਪ੍ਰਾਪਤ ਹੋਣ ਉਪਰੰਤ ਫਾਈਨਲ ਰਿਪੋਰਟ ਦਾ ਕੰਮ ਪ੍ਰਗਤੀ ਅਧੀਨ ਹੈ।

## 13. 20 ਨੁਕਾਤੀ ਪ੍ਰੋਗਰਾਮ

20 ਨੁਕਾਤੀ ਪ੍ਰੋਗਰਾਮ 1 ਅਪ੍ਰੈਲ, 2007 ਤੋਂ ਹੋਂਦ ਵਿੱਚ ਆਇਆ।ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦਿਹਾਤੀ ਖੇਤਰ ਵਿੱਚ ਗਰੀਬੀ ਨਿਵਾਰਨ, ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਘਰਾਂ, ਸਿੱਖਿਆ, ਪਰਿਵਾਰ ਭਲਾਈ ਅਤੇ ਸਿਹਤ, ਵਾਤਾਵਰਨ ਦੀ ਸੰਭਾਲ ਅਤੇ ਦੂਜੀਆਂ ਸਕੀਮਾਂ ਜਿਹੜੀਆਂ ਕਿ ਰਹਿਣ ਸਹਿਣ ਤੇ ਪੱਧਰ ਨੂੰ ਉੱਚਾ ਚੁੱਕਣ ਨੂੰ ਲਾਗੂ ਕਰਨਾ ਹੈ।ਇਸ ਪ੍ਰੋਗਰਾਮ ਤਹਿਤ ਸਾਲਾਨਾ 65 ਆਈਟਮਾਂ ਦੀ ਮੋਨੀਟਰਿੰਗ ਕੀਤੀ ਜਾਂਦੀ ਹੈ ਜਿਸ ਵਿਚੋਂ ਕਿ ਮਹੀਨਾਵਾਰ 20 ਆਈਟਮਾਂ ਦੀ ਮੋਨੀਟਰਿੰਗ ਕੀਤੀ ਜਾਂਦੀ ਹੈ।

ਰਾਜ ਵਿੱਚ ਵੱਖ ਵੱਖ ਵਿਭਾਗਾਂ ਵਲੋਂ ਚਲਾਈਆਂ ਗਈਆਂ ਸਕੀਮਾਂ ਦੀ ਭੌਤਿਕ ਅਤੇ ਵਿੱਤੀ ਸੂਚਨਾ ਇਕੱਠੀ ਕਰਨ ਉਪਰੰਤ ਸਕਰੂਟਨੀ ਕਰਕੇ ਹਰ ਮਹੀਨੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਮਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਜਾਂਦੀ ਹੈ।ਵਿੱਤੀ ਅਤੇ ਭੌਤਿਕ ਸੂਚਨਾ ਟੀ.ਪੀ.ਪੀ. 06 ਤਿਆਰ ਕੀਤੀ ਜਾਂਦੀ ਹੈ ਅਤੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਨੂੰ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਰਾਜ ਪੱਧਰ, ਜਿਲ੍ਹਾ ਪੱਧਰ ਅਤੇ ਬਲਾਕ ਪੱਧਰ ਉਤੇ ਪਹਿਲਾਂ ਹੀ ਮੋਨੀਟ੍ਰਿੰਗ ਕਮੇਟੀਆਂ ਬਣਾਈਆਂ ਜਾ ਚੁੱਕੀਆਂ ਹਨ।

ਸਾਲ 2015-16 ਦੌਰਾਨ ਕੀਤਾ ਕੰਮ :-

1. ਸਾਲ 2015-16 ਵਿਚ ਤਿਮਾਹੀਵਾਰ ਭੌਤਿਕ ਪ੍ਰਗਤੀ ਰਿਪੋਟ ਵੱਖ ਵੱਖ ਸਬੰਧਤ ਵਿਭਾਗਾਂ ਤੋ ਸੂਚਨਾਂ ਇਕੱਤਰ ਕਰਕੇ ਤਿਆਰ ਕੀਤੀ ਗਈ ਅਤੇ ਮਨਿਸਟਰੀ ਆਫ ਸਟੇਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ, ਭਾਰਤ ਸਰਕਾਰ ਨੂੰ ਭੇਜੀ ਗਈ।
2. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2015-16 (ਅਪ੍ਰੈਲ ਤੋ ਦਸੰਬਰ, 2015) ਲਈ ਵਿੱਤੀ ਅਤੇ ਭੌਤਿਕ ਪ੍ਰਗਤੀ ਰਿਪੋਟ ਤਿਮਾਹੀਵਾਰ ਤਿਆਰ ਕੀਤੀ ਅਤੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਗਈ।
3. 20-ਨੁਕਾਤੀ ਪ੍ਰੋਗਰਾਮ-2006 ਅਧੀਨ ਸਾਲ 2015-16 (ਅਪ੍ਰੈਲ ਤੋ ਸਤੰਬਰ, 2015) ਲਈ ਆਰਥਿਕ ਸਲਾਹਕਾਰ ਜੀ ਦੀ ਪ੍ਰਧਾਨਗੀ ਹੇਠ ਰਾਜ ਦੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਹੋਈ। ਇਸ ਮੀਟਿੰਗ ਵਿੱਚ 20-ਨੁਕਾਤੀ ਪ੍ਰੋਗਰਾਮ ਅਧੀਨ ਘੱਟ ਪ੍ਰਗਤੀ ਵਾਲੀਆਂ ਸਕੀਮਾਂ ਬਾਰੇ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ਗਈ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਕੀਮਾਂ ਨੂੰ ਭਵਿੱਖ ਅੰਦਰ ਸਹੀ ਤਰੀਕੇ ਨਾਲ ਲਾਗੂ ਕਰਨ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ।
4. 20-ਨੁਕਾਤੀ ਪ੍ਰੋਗਰਾਮ-2006 ਅਧੀਨ ਕਵਰ ਹੋ ਰਹੀਆਂ ਸਕੀਮਾਂ ਦੀ ਮੋਨੀਟਰਿੰਗ ਕਰਨ ਵਾਸਤੇ ਭਾਰਤ ਸਰਕਾਰ ਦੀਆਂ ਤਾਜਾ ਹਦਾਇਤਾਂ ਮੁਤਾਬਿਕ ਰਾਜ ਮੋਨੀਟਰਿੰਗ ਕਮੇਟੀ ਦਾ ਪੁਨਰ ਗਠਨ ਮਾਨਯੋਗ ਵਿੱਤ, ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਕੀਤਾ ਜਾ ਚੁੱਕਾ ਹੈ ਜ਼ਦਕਿ ਜਿਲ੍ਹਾ/ ਬਲਾਕ ਪੱਧਰ ਤੇ ਕਮੇਟੀਆਂ ਦਾ ਗਠਨ ਪ੍ਰਗਤੀ ਅਧੀਨ ਹੈ।

## 14. ਮੈਂਬਰ ਆਫ਼ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ (ਐਮ.ਪੀ.ਲੈਡਜ਼)

ਇਸ ਸਕੀਮ ਤਹਿਤ ਹਰ ਇੱਕ ਸੰਸਦ ਨੂੰ ਹਰ ਸਾਲ 5 ਕਰੋੜ ਰੁਪਏ ਅਲਾਟ ਕੀਤੇ ਜਾਂਦੇ ਹਨ ਜਿਹੜੇ ਕਿ ਸੰਸਦਾਂ ਦੀ ਸਿਫਾਰਿਸ਼ ਤੇ ਰਿਲੀਜ ਕੀਤੇ ਜਾਂਦੇ ਹਨ ਅਤੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੀ ਦੇਖ ਰੇਖ ਵਿੱਚ ਆਪਣੇ-ਆਪਣੇ ਜਿਲ੍ਹਿਆਂ ਦੇ ਵਿਕਾਸ ਕੰਮਾਂ ਤੇ ਖਰਚ ਕੀਤੇ ਜਾਂਦੇ ਹਨ।ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਇਸ ਸਕੀਮ ਅਧੀਨ ਨੋਡਲ ਵਿਭਾਗ ਦੇ ਤੌਰ ਤੇ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਅਤੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਂਟੇਸ਼ਨ ਭਾਰਤ ਸਰਕਾਰ ਨਾਲ ਸੰਪਰਕ ਬਣਾਈ ਰੱਖਦਾ ਹੈ।

ਸਾਲ 2015-16 ਦੌਰਾਨ ਕੀਤਾ ਕੰਮ :-

1. **ਪੈਡਿੰਗ ਕਿਸ਼ਤਾਂ ਰਲੀਜ਼ ਕਰਵਾਉਣ ਸਬੰਧੀ**: ਸਾਲ 2015-16 ਦੌਰਾਨ ਕੁੱਲ 21 ਕਿਸ਼ਤਾਂ (15 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 6 ਕਿਸ਼ਤਾਂ ਰਾਜ ਸਭਾ ਮੈਂਬਰਾਂ ਲਈ) ਕੁੱਲ 52.50 ਕਰੋੜ ਰੁਪਏ ਦੀ ਰਾਸ਼ੀ ਭਾਰਤ ਸਰਕਾਰ ਤੋ ਜਾਰੀ ਕਰਵਾਈ ਗਈ।
2. **ਮਹੀਨਾਵਾਰ ਪ੍ਰਗਤੀ ਰਿਪੋਰਟ**: ਰਾਜ ਵਿੱਚ ਐਮ.ਪੀ.ਲੈਡ ਸਕੀਮ ਤਹਿਤ ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ।
3. **ਸਾਫਟਵੇਅਰ ਤੇ ਕੰਮ**: ਮਿਤੀ 31-3-2016 ਤੱਕ 95.10% ਕੰਮ ਭਾਰਤ ਸਰਕਾਰ ਦੀ ਵੈਬ ਸਾਈਟ ਤੇ ਅਪਲੋਡ ਕੀਤੇ ਗਏ।
4. **ਮੀਟਿੰਗਾਂ**:-
   - (i) ਮਿਤੀ 23-12-2015 ਨੂੰ ਨਵੀਂ ਦਿੱਲੀ ਵਿਖੇ ਹੋਈ ਰੀਵਿਊ ਮੀਟਿੰਗ ਲਈ ਪੈਰਾਵਾਈਜ ਏਜੰਡਾ ਨੋਟ ਤਿਆਰ ਕੀਤਾ ਗਿਆ।
   - (ii) ਐਮ.ਪੀ.ਲੈਡਜ ਸਕੀਮ ਅਧੀਨ ਚਾਰ ਰੀਵਿਊ ਮੀਟਿੰਗਾਂ ਹੇਠ ਅਨੁਸਾਰ ਕਰਵਾਈਆਂ ਗਈਆਂ।

(ੳ) ਦੋ ਮੀਟਿੰਗਾਂ ਮਿਤੀ 07.4.15 ਅਤੇ 28.5.15 ਨੂੰ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਹੋਈਆਂ।

(ਅ) ਦੋ ਮੀਟਿੰਗਾਂ ਮਿਤੀ 27.4.15 ਅਤੇ 09.11.15 ਨੂੰ ਆਰਥਿਕ ਸਲਾਹਕਾਰ ਜੀ ਦੀ ਪ੍ਰਧਾਨਗੀ ਹੇਠ ਕਰਵਾਈਆਂ ਗਈਆਂ।

5. **ਟ੍ਰੇਨਿੰਗ:** ਮੀਤ ਡਾਇਰੈਕਟਰ ਐਮ.ਪੀ.ਲੈਡ ਵੱਲੋਂ ਮਿਤੀ 29.4.15 ਤੋਂ 30.4.15 ਤੱਕ ਦਿੱਲੀ ਵਿਖੇ ਹੋਈ ਨਵੇਂ ਬਣਾਏ ਵੈਬ ਪੋਰਟਲ ਦੀ ਟ੍ਰੇਨਿੰਗ ਵਿਚ ਭਾਗ ਲਿਆ ਗਿਆ।ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਦੇ ਕਰਮਚਾਰੀਆਂ /ਅਧਿਕਾਰੀਆਂ ਨੂੰ ਮੁੱਖ ਦਫਤਰ ਵਿਖੇ ਨਵੇਂ ਬਣਾਏ ਵੈਬ ਪੋਰਟਲ ਬਾਰੇ ਦਸੰਬਰ, 2015 ਵਿਚ ਟ੍ਰੇਨਿੰਗ ਦਿਤੀ ਗਈ।

## 15. ਹੋਰ ਕੰਮ

### 1. 13ਵੇਂ ਵਿੱਤ ਕਮਿਸ਼ਨ ਦੀ ਗਰਾਂਟ :

13 ਵੇਂ ਵਿੱਤ ਕਮਿਸ਼ਨ ਨੇ ਰਾਜ ਅਤੇ ਜਿਲ੍ਹਾ ਪੱਧਰ ਤੇ ਅੰਕੜਾਤਮਕ ਢਾਂਚੇ ਦੇ ਸੁਧਾਰ ਲਈ 20.00 ਕਰੋੜ ਰੁਪਏ ਦੀ ਗਰਾਂਟ ਦੀ ਸਿਫਾਰਸ਼ ਕੀਤੀ ਹੈ।ਇਸ ਗਰਾਂਟ ਅਧੀਨ ਹੇਠ ਲਿਖੇ 5 ਮਾਈਲਸਟੋਨਜ ਨਿਰਧਾਰਤ ਕੀਤੇ ਗਏ ਹਨ ਜੋ ਕਿ ਗਰਾਂਟ ਪੀਰੀਅਡ 2010-15 ਦੌਰਾਨ ਪ੍ਰਾਪਤ ਕਰਨੇ ਹਨ:-

ੳ) ਬਿਜਨਸ ਰਜਿਸਟਰ ਤਿਆਰ ਅਤੇ ਮੇਨਟੇਨ ਕਰਨਾ।
ਅ) ਜਿਲ੍ਹਿਆਂ ਅਤੇ ਰਾਜ ਹੈਡ ਕੁਆਟਰ ਵਿਚਾਲੇ ਨੈਟਵਰਕ ਕੁਨੈਕਟੀਵਿਟੀ ਪ੍ਰਦਾਨ ਕਰਨਾ।
ੲ) ਸਥਾਨਕ ਸੰਸਥਾਵਾਂ ਦੇ ਲੇਖੇ ਤਿਆਰ ਕਰਨਾ।
ਸ) ਖੇਤੀਬਾੜੀ ਗਤੀਵਿਧੀਆਂ ਸਬੰਧੀ ਡੈਟਾ ਇੱਕਤਰ ਕਰਨਾ।
ਹ) ਕੇਂਦਰੀ ਅਤੇ ਰਾਜ ਦੇ ਨਮੂਨਾ ਸਰਵੇਖਣ ਡੈਟੇ ਦੀ ਪੂਲਿੰਗ ਕਰਨਾ।

ਸਾਲ 2015-16 ਦੌਰਾਨ ਕੀਤਾ ਕੰਮ :-

ਇਸ ਗਰਾਂਟ ਅਧੀਨ ਸਾਲ 2015-16 ਦੇ ਅੰਤ ਤੱਕ ਸਾਰੀਆਂ ਕਿਸ਼ਤਾਂ ਅਧੀਨ ਕੇਂਦਰ ਸਰਕਾਰ ਤੋਂ ਕੁੱਲ 20.00 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਅਤੇ ਪੰਜਾਬ 20.00 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਕਰਨ ਵਾਲੇ ਕੁਝ ਰਾਜਾਂ ਵਿਚੋਂ ਇੱਕ ਹੈ।ਇਸ ਵਿਚੋਂ ਮਿਤੀ 31.3.2016 ਤੱਕ 1774.77 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ।ਇਸ ਗਰਾਂਟ ਦੇ ਨਿਰਧਾਰਤ ਮਾਈਲਸਟੋਨ ਵਾਈਜ਼ ਅਧੀਨ ਭੌਤਿਕ ਪ੍ਰਗਤੀ ਵੀ ਸਾਲ ਦੌਰਾਨ ਪ੍ਰਾਪਤ ਕੀਤੀ ਗਈ।

**ੳ) ਬਿਜਨਸ ਰਜਿਸਟਰ**

- ਨਿਰਧਾਰਿਤ ਸੱਤ(7) ਐਕਟ/ਅਥਾਰਟੀਆਂ ਅਧੀਨ ਰਜਿਸਟਰਡ ਹੋਏ ਅਦਾਰਿਆਂ ਦਾ ਬਿਜਨਸ ਰਜਿਸਟਰ 198006 establishments ਲਈ ਮਿਤੀ 31.3.14 ਤੱਕ ਪੂਰਾ ਕਰਨ ਉਪਰੰਤ ਕੇਂਦਰ ਸਰਕਾਰ, ਨਵੀਂ ਦਿੱਲੀ ਨੂੰ ਭੇਜਿਆ ਗਿਆ।
- ਨਿਰਧਾਰਿਤ ਸੱਤ(7) ਐਕਟ/ਅਥਾਰਟੀਆਂ ਅਧੀਨ ਰਜਿਸਟਰਡ ਹੋਏ ਅਦਾਰਿਆਂ ਦਾ ਬਿਜਨਸ ਰਜਿਸਟਰ 208001 establishments ਲਈ ਮਿਤੀ 31.3.15 ਤੱਕ ਪੂਰਾ ਹੋ ਚੁੱਕਾ ਹੈ ਅਤੇ rectification ਦੀ ਪ੍ਰਕ੍ਰਿਆ ਅਧੀਨ ਹੈ।

**ਅ) ਨੈਟਵਰਕ ਕੁਨੈਕਟੀਵਿਟੀ**

- ਮੁੱਖ ਦਫ਼ਤਰ ਅਤੇ ਸਮੂਹ ਜ਼ਿਲ੍ਹਾ ਅੰਕੜਾ ਦਫ਼ਤਰਾਂ ਵਿਚ ਲੋਕਲ ਏਰੀਆ ਨੈਟਵਰਕ ਦੀ ਸਥਾਪਨਾ ਕੀਤੀ ਗਈ।
- 9 ਜ਼ਿਲ੍ਹਾ ਅੰਕੜਾ ਦਫ਼ਤਰਾਂ ਵਿਚ ਵਾਈਡ ਏਰੀਆ ਨੈਟਵਰਕ ਲਗਾਏ ਗਏ ਅਤੇ ਰਹਿੰਦੇ ਜ਼ਿਲ੍ਹਾ ਅੰਕੜਾ ਦਫ਼ਤਰਾਂ ਅਤੇ ਰਾਜ ਦੇ ਮੁੱਖ ਦਫ਼ਤਰ ਅਰਥ ਅਤੇ ਅੰਕੜਾ ਸੰਗਠਨ ਵਿਚ ਵੀ ਇਸ ਦੀ ਸਥਾਪਨਾ ਪ੍ਰਗਤੀ ਅਧੀਨ ਰਹੀ।
- ਮੁੱਖ ਦਫ਼ਤਰ ਅਤੇ ਸਮੂਹ ਜਿਲ੍ਹਾ ਅੰਕੜਾ ਦਫ਼ਤਰਾਂ ਵਿਚ 114 ਕੰਪਿਊਟਰ ਅਤੇ ਸਬੰਧਤ ਹਾਰਡਵੇਅਰ ਮੁਹੱਈਆ ਕਰਵਾਏ ਗਏ।

**ੲ) ਲੋਕਲ ਬਾਡੀਜ**

ਲੋਕਲ ਬਾਡੀਜ਼ ਅਕਾਉਂਟ ਸਾਲ 2012-13 ਲਈ ਪੂਰਾ ਹੋ ਚੁੱਕਾ ਹੈ ਅਤੇ ਸੀ.ਐਸ.ਓ. ਨਵੀਂ ਦਿੱਲੀ ਭੇਜ ਦਿੱਤਾ ਗਿਆ ਹੈ ਅਤੇ 2013-14 ਅਕਾਉਂਟ ਪ੍ਰਗਤੀ ਅਧੀਨ ਹੈ।

ਸ) ਖੇਤੀਬਾੜੀ ਗਤੀਵਿਧੀਆਂ

i) 13ਵੇਂ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ ਨਿਰਧਾਰਤ ਛੋਟੀਆਂ ਫਸਲਾਂ ਦੀ ਰਿਪੋਰਟ ਪ੍ਰਗਤੀ ਅਧੀਨ ਰਹੀ।

ii) ਮੁੱਖ ਫਸਲਾਂ ਦੀ ਕਾਸਟ ਕਲਟੀਵੇਸ਼ਨ ਸਟੱਡੀ ਕਰਵਾਉਣ ਦਾ ਕੰਮ ਪ੍ਰਗਤੀ ਅਧੀਨ ਰਹੀ।

ਹ) ਪੂਲਿੰਗ ਆਫ ਡਾਟਾ

ਰਾਸ਼ਟਰੀ ਨਮੂਨਾ ਸਰਵੇਖਣ ਦੇ 66ਵੇਂ ਦੌਰ ਦੀ ਸੈਂਟਰਲ ਅਤੇ ਰਨਸ 67ਵੇਂ ਰਾਊਂਡ ਦੀ ਸਟੇਟ ਸੈਂਪਲਜ ਦੀ ਡਾਟਾ ਪੂਲਿੰਗ ਪੂਰੀ ਹੋ ਚੁੱਕੀ ਹੈ ਅਤੇ ਦੋਹਾਂ ਦੀ ਰਿਪੋਰਟ ਐਨ.ਐਸ.ਐਸ. ਓ ਕਲਕੱਤਾ ਨੂੰ ਭੇਜੀ ਜਾ ਚੁੱਕੀ ਹੈ। 69ਵੇਂ ਦੌਰ ਦੀ ਡਾਟਾ ਪੂਲਿੰਗ ਦਾ ਕੰਮ ਮਿਤੀ 3 ਤੋਂ 4 ਮਾਰਚ, 2016 ਨੂੰ ਨਵੀਂ ਦਿੱਲੀ ਵਿਖੇ ਹੋਈ ਡਾਟਾ ਪੂਲਿੰਗ ਟ੍ਰੇਨਿੰਗ ਪ੍ਰਾਪਤ ਕਰਨ ਤੋਂ ਬਾਦ ਸ਼ੁਰੂ ਕੀਤਾ ਗਿਆ।


## ਜ਼ਿਲ੍ਹਾ ਅੰਕੜਾ ਦਫਤਰ

ਜ਼ਿਲ੍ਹਾ ਅੰਕੜਾ ਦਫਤਰਾਂ ਦਾ ਕੰਮ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੀ ਦੇਖ ਰੇਖ ਅਧੀਨ ਹੁੰਦਾ ਹੈ।ਇਹ ਦਫਤਰ ਮੁੱਢਲੇ ਅਤੇ ਸੈਕੰਡਰੀ ਡੈਟੇ ਨੂੰ ਸੰਗ੍ਰਹਿ ਅਤੇ ਸੰਕਲਨ ਕਰਨ ਵਿਚੱ ਮੱਦਦ ਕਰਦੇ ਹਨ।ਇਹ ਦਫਤਰ ਜ਼ਿਲ੍ਹਾ ਪੱਧਰ ਤੋਂ ਅਲੱਗ ਅਲੱਗ ਵਿਭਾਗਾਂ ਦੀਆਂ ਅੰਕੜਾਤਮਿਕ ਗਤੀਵਿਧੀਆਂ ਸਬੰਧੀ ਤਾਲਮੇਲ ਰੱਖਦੇ ਹਨ।ਨਵੇਂ ਢਾਂਚੇ ਅਨੁਸਾਰ ਵਿਕੇਂਦ੍ਰਿਤ ਯੋਜਨਾ ਸ਼ੁਰੂ ਹੋਣ ਕਾਰਨ ਉਪ ਅਰਥ ਅਤੇ ਅੰਕੜਾ ਸਲਾਹਕਾਰ ਕਮ ਵਧੀਕ ਸਕੱਤਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਕਮੇਟੀਆਂ ਵਿਚੱ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਜ਼ਿਲ੍ਹਾ ਯੋਜਨਾ ਸਕੀਮਾਂ ਬਨਾਉਣ, ਲਾਗੂ ਕਰਨ ਅਤੇ ਮੋਨੀਟਰ ਕਰਨ ਵਿਚ ਮਹਤੱਵਪੂਰਣ ਯੋਗਦਾਨ ਪਾਉਂਦੇ ਹਨ ।

ਰਾਜ ਵਿੱਚ ਵਿਭਾਗ ਐਮ.ਪੀ. ਲੈਡਜ ਸਕੀਮ ਲਈ ਨੋਡਲ ਏਜੰਸੀ ਵਜੋਂ ਕੰਮ ਕਰ ਰਿਹਾ ਹੈ ਅਤੇ ਜਿਲ੍ਹਾ ਅੰਕੜਾ ਦਫਤਰ ਜਿਲ੍ਹਾ ਪੱਧਰ ਤੇ ਸਕੀਮ ਦੀ ਸੁਪਰਵੀਜਨ ਅਤੇ ਕੁਆਰਡੀਨੇਸ਼ਨ ਦਾ ਕੰਮ ਕਰਦੇ ਹਨ।ਇਸ ਕੰਮ ਲਈ ਜਿਲ੍ਹਿਆਂ ਵਲੋਂ ਆਪਣੇ ਡਿਪਟੀ ਕਮਿਸ਼ਨਰਾਂ ਨਾਲ ਵੀ ਤਾਲਮੇਲ ਰਖਿਆ ਜਾਂਦਾ ਹੈ।

**ਅਨੈਕਸਚਰ-I**

# ਅਰਥ ਤੇ ਅੰਕੜਾ ਸੰਗਠਨ, ਪੰਜਾਬ



## ਅਨੈਕਚਸਰ-II : ਸਾਲ 2015-16 ਦੌਰਾਨ ਤਿਆਰ ਕੀਤੀਆਂ ਪ੍ਰਕਾਸ਼ਨਾਂ/ਰਿਪੋਰਟਾਂ ਦੀ ਲਿਸਟ

1. ਪੰਜਾਬ ਦਾ ਅੰਕੜਾ ਸਾਰ -2015
2. ਪੰਜਾਬ ਦਾ ਆਰਥਿਕ ਸਰਵੇਖਣ ਸਾਲ 2015-16
3. ਪੰਜਾਬ ਐਟ ਏ ਗਲਾਂਸ (ਜ਼ਿਲ੍ਹਾਵਾਰ) ਸਾਲ -2014
4. ਪਿੰਡਾਂ ਦੀ ਡਾਇਰੈਕਟਰੀ ਸਾਲ 2013-14
5. ਬਲਾਕ ਐਟ ਏ ਗਲਾਂਸ ਸਾਲ 2013-14
6. ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ ਬਨਾਮ ਭਾਰਤ 2012-13
7. ਲੋਕਲ ਬਾਡੀਜ਼ (ਸ਼ਹਿਰੀ ਅਤੇ ਪੇਂਡੂ) ਦੀ ਅਨਾਲਿਟੀਕਲ ਰਿਪੋਰਟ ਸਾਲ 2008-09 ਤੋਂ ਸਾਲ 2010-11
8. ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ ਸਾਲ 2013-14
9. ਪੰਜਾਬ ਵਿਚ ਨਗਰਪਾਲਿਕਾ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ਼੍ਰੇਣੀ ਵੰਡ 2014-15
10. ਨਗਰ ਪਾਲਿਕਾ ਅੰਕੜਾ ਪੁਸਤਕ ਸਾਲ 2012-13
11. ਨਗਰ ਪਾਲਿਕਾ ਅੰਕੜਾ ਪੁਸਤਕ ਸਾਲ 2013-14
12. ਪੰਜਾਬ ਵਿਚ ਜਨਸੰਖਿਆ ਦੇ ਅੰਕੜੇ (1971-2011)
13. ਪੰਜਾਬ ਵਿਚ ਜਿਲ੍ਹਾਵਾਰ ਛੋਟੀਆਂ ਫਸਲਾਂ (ਜੂਨ 2011 ਤੋਂ ਮਈ 2012)
14. ਪੰਜਾਬ ਵਿਚ ਊਰਜਾ ਦੇ ਅੰਕੜੇ ਸਾਲ 2011-12
15. ਪੰਜਾਬ ਵਿਚ ਊਰਜਾ ਦੇ ਅੰਕੜੇ ਸਾਲ 2013-14

ਅਨੈਕਸਚਰ-**III :** ਸ਼੍ਰੇਣੀਵਾਰ ਮਨਜ਼ੂਰ ਸੁਦਾ ਅਤੇ ਭਰੀਆਂ ਅਸਾਮੀਆਂ - ਕੁੱਲ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਮਿਤੀ 31.3.2016 ਤੱਕ

| ਸਟਾਫ ਦੀ ਸ਼੍ਰੇਣੀ | ਕੁੱਲ ਮਨਜ਼ੂਰ ਸੁਦਾ ਆਸਾਮੀਆਂ | ਕੁਲ ਭਰੀਆਂ ਅਸਾਮੀਆਂ | ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪੱਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪ੍ਰਤੀਸ਼ਤਤਾ | |
|---|---|---|---|---|---|---|
| | | | | | ਅਨੁਸੂਚਿਤ ਜਾਤੀਆਂ | ਪੱਛੜੀਆਂ ਜਾਤੀਆਂ |
| 1 | 2 | 3 | 4 | 5 | 6 | 7 |
| ਗਰੁੱਪ ਏ | 78 | 28 | 7 | 0 | 25.00 | - |
| ਗਰੁੱਪ ਬੀ | 267 | 68 | 6 | 1 | 8.82 | 1.47 |
| ਗਰੁੱਪ ਸੀ | 380 | 172 | 30 | 14 | 17.44 | 8.14 |
| ਗਰੁੱਪ ਡੀ | 104 | 57 | 24 | 6 | 42.11 | 10.53 |
| ਜੋੜ | 829 | 325 | 67 | 21 | **20.62** | **6.46** |

ਅਨੈਕਸਚਰ–**IV** : 31.3.2016 ਤੱਕ ਆਹੁੱਦੇਵਾਰ ਮੰਨਜ਼ੂਰ ਸ਼ੁਦਾ ਅਤੇ ਭਰੀਆਂ ਅਸਾਮੀਆਂ ਦਾ ਵੇਰਵਾ

| ਅਸਾਮੀ ਦਾ ਨਾਂ/ਆਹੁੱਦਾ | ਮੰਨਜ਼ੂਰਸ਼ੁਦਾ ਅਸਾਮੀਆਂ | | | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| | ਮੁੱਖ ਦਫਤਰ | ਜ਼ਿਲ੍ਹਾ ਪੱਧਰ | ਕੁੱਲ | | |
| 1 | 2 | 3 | 4 | 5 | 6 |
| ਗਰੁੱਪ ਏ ਅਸਾਮੀਆਂ | | | | | |
| (i) ਆਰਥਿਕ ਸਲਾਹਕਾਰ | 1 | - | 1 | 1 | - |
| (ii) ਡਾਇਰੈਕਟਰ | 2 | - | 2 | 2 | - |
| (iii) ਮੀਤ ਡਾਇਰੈਕਟਰ | 3 | - | 3 | 3 | - |
| (iv) ਉਪ ਅਰਥ ਅਤੇ ਅੰਕੜਾ ਸਲਾਹਕਾਰ | 5 | 22 | 27 | 10 | 17 |
| (v) ਖੋਜ ਅਫਸਰ | 22 | 22 | 44 | 12 | 32 |
| (vi) ਸੁਪਰਡੰਟ ਗ੍ਰੇਡ–1 | 1 | - | 1 | - | 1 |
| **ਉਪ ਜੋੜ ਗਰੁੱਪ–ਏ ਅਸਾਮੀਆਂ (i-vi)** | **34** | **44** | **78** | **28** | **50** |
| ਗਰੁੱਪ ਬੀ ਅਸਾਮੀਆਂ | | | | | |
| (i) ਜ਼ਿਲ੍ਹਾ ਅੰਕੜਾ ਅਫ਼ਸਰ | - | 16 | 16 | 1 | 15 |
| (ii) ਸਹਾਇਕ ਖੋਜ ਅਫਸਰ | 58 | 63 | 121 | 14 | 107 |
| (iii) ਸੀਨੀਅਰ ਆਰਟਿਸਟ | 1 | - | 1 | - | 1 |
| (iv) ਡਰਾਫਟਸਮੈਨ | 2 | - | 2 | 1 | 1 |
| (v) ਸੁਪਰਡੰਟ ਗ੍ਰੇਡ- II | 2 | - | 2 | 1 | 1 |
| (vi) ਅੰਕੜਾ ਸਹਾਇਕ | 33 | 61 | 94 | 30 | 64 |
| (vii) ਸੀਨੀਅਰ ਸਹਾਇਕ | 13 | 14 | 27 | 18 | 9 |
| (viii) ਸੀਨੀਅਰ ਸਕੇਲ ਸਟੈਨੋਗ੍ਰਾਫਰ | 4 | - | 4 | 3 | 1 |
| **ਉਪ ਜੋੜ ਗਰੁੱਪ–ਬੀ ਅਸਾਮੀਆਂ (i-viii)** | **113** | **154** | **267** | **68** | **199** |
| ਗਰੁੱਪ–ਸੀ ਅਸਾਮੀਆਂ | | | | | |
| (i) ਲਾਇਬ੍ਰੇਰੀਅਨ | 1 | - | 1 | - | 1 |
| (ii) ਜੂਨੀਅਰ ਡਰਾਫਟਸ ਮੈਨ | 1 | - | 1 | - | 1 |
| (iii) ਜੂਨੀਅਰ ਸਕੇਲ ਸਟੈਨੋਗ੍ਰਾਫਰ | 11 | - | 11 | 5 | 6 |
| (iv) ਸਟੈਨੋ ਟਾਈਪਿਸਟ | 23 | 31 | 54 | 10 | 44 |
| (v) ਜੂਨੀਅਰ ਸਹਾਇਕ/ਕਲਰਕ | 16 | 49 | 65 | 47 | 18 |
| (vii) ਇਨਵੈਸਟੀਗੇਟਰ | 54 | 152 | 206 | 92 | 114 |
| (viii) ਡੈਟਾ ਐਂਟਰੀ ਉਪਰੇਟਰ | - | 31 | 31 | 12 | 19 |
| (ix) ਡਰਾਈਵਰ, | 3 | 7 | 10 | 6 | 4 |
| (ix) ਜਿਲਦਸਾਜ | 1 | - | 1 | - | 1 |
| **ਉਪ ਜੋੜ ਗਰੁੱਪ–ਸੀ ਅਸਾਮੀਆਂ (i-ix)** | **110** | **270** | **380** | **172** | **208** |
| ਗਰੁੱਪ–ਡੀ ਅਸਾਮੀਆਂ | | | | | |
| (i) ਜੀ.ਓ | 1 | - | 1 | 1 | 0 |
| (ii) ਹੈਡ ਸੇਵਾਦਾਰ | 1 | - | 1 | - | 1 |
| (iii) ਦਫਤਰੀ | 1 | - | 1 | 1 | - |
| (iv) ਸੇਵਾਦਾਰ/ ਜਮਾਂਦਾਰ–ਕਮ–ਚੌਕੀਦਾਰ | 43 | 58 | 101 | 55 | 46 |
| **ਉਪ ਜੋੜ ਗਰੁੱਪ–ਡੀ ਅਸਾਮੀਆਂ (i-iv)** | **46** | **58** | **104** | **57** | **47** |
| ਕੁੱਲ ਜੋੜ (ਗਰੁੱਪ ਏ+ਬੀ+ਸੀ+ਡੀ) | **303** | **526** | **829** | **325 (39%)** | **504 (61%)** |

ਨੋਟ: ਕੁੱਲ ਅਸਾਮੀਆਂ ਵਿੱਚ ਡੀ.ਐਫ.ਆਰ.ਈ.ਆਈ. ਦੀਆਂ 9 ਅਸਾਮੀਆਂ ਸ਼ਾਮਲ ਨਹੀਂ ਹਨ ।

## ਸਾਲ 2015-16 ਦੌਰਾਨ ਕੰਮ ਕਰ ਰਹੇ ਅਫਸਰਾਂ ਦੇ ਨਾਂ ਅਤੇ ਆਹੁੱਦਾ

| ਆਹੁੱਦਾ | ਸਰਵ ਸ਼੍ਰੀ/ਸ਼੍ਰੀਮਤੀ |
|---|---|
| ਪ੍ਰਬੰਧਕੀ ਸਕੱਤਰ, ਯੋਜਨਾਬੰਦੀ | ਐਸ.ਆਰ ਲਧੱੜ, ਪ੍ਰਮੁੱਖ ਸਕੱਤਰ, ਯੋਜਨਾ |
| | ਜਸਪਾਲ ਸਿੰਘ, ਆਈ.ਏ.ਐਸ., ਸਕੱਤਰ, ਯੋਜਨਾ |
| ਆਰਥਿਕ ਸਲਾਹਕਾਰ (ਵਿਭਾਗੀ ਮੁਖੀ) | ਮੋਹਨ ਲਾਲ ਸ਼ਰਮਾ |
| ਡਾਇਰੈਕਟਰ | 1. ਤੀਰਥ ਸਿੰਘ<br>2. ਪਰਮਿੰਦਰ ਸਿੰਘ ਵਾਲੀਆ |
| ਮੀਤ ਡਾਇਰੈਕਟਰ | 1. ਹਰਵਿੰਦਰ ਸਿੰਘ<br>2. ਜਗਦੀਪ ਸਿੰਘ<br>3. ਕੁਲਦੀਪ ਕੌਰ |
| ਉਪ ਅਰਥ ਅਤੇ ਅੰਕੜਾ ਸਲਾਹਕਾਰ<br>ਮੁੱਖ ਦਫਤਰ/ਜ਼ਿਲ੍ਹਾ ਪੱਧਰ | 1. ਪਰਮਜੀਤ ਸਿੰਘ<br>2. ਲਖਵਿੰਦਰ ਸਿੰਘ (ਰਿਟਾ. 31.8.2015)<br>3. ਰਾਣੀ<br>4. ਰਾਜਿੰਦਰ ਕੌਰ (ਰਿਟਾ. 31.10.2015)<br>5. ਇਕਬਾਲ ਸਿੰਘ (ਰਿਟਾ. 31.1.2016)<br>6. ਦੀਪਿੰਦਰ ਕੌਰ<br>7. ਪਰਮਿੰਦਰ ਕੌਰ<br>8. ਰਾਕੇਸ਼ ਕਾਲੀਆ<br>9. ਭੁਪਿੰਦਰ ਕੌਰ<br>10. ਰਾਮ ਲੁਭਾਇਆ<br>11. ਹਰਬੰਸ ਸਿੰਘ<br>12. ਚੰਚਲ ਬਾਲਾ |